# ਅੰਮ੍ਰਿਤ ਕੀਰਤਨ

# AMRIT KIRTAN

# अमृत कीर्तन

ਅੰਕ 5
ਅਕਤੂਬਰ 1989

ਸੰਪਾਦਕ (ਆਨਰੇਰੀ)
ਡਾ: ਜਾਗੀਰ ਸਿੰਘ



ਸਾਡੇ ਰਹਿਨੁਮਾ

## ਪ੍ਰਿੰਸੀਪਲ ਸਤਿਬੀਰ ਸਿੰਘ ਜੀ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੂੰ ਚੀਫ਼ ਖਾਲਸਾ ਦੀਵਾਨ ਵੱਲੋਂ ਡਾਕਟਰ ਭਾਈ ਵੀਰ ਸਿੰਘ ਅਵਾਰਡ ਦਿੱਤਾ ਗਿਆ। ਇਸ ਸਾਡੇ ਲਈ ਬੜੀ ਖੁਸ਼ੀ ਦੀ ਗੱਲ ਹੈ। ਮੈਂ 1972 ਵਿੱਚ ਪ੍ਰਿੰਸੀਪਲ ਸਾਹਿਬ ਦੀ ਛੱਤਰ ਛਾਇਆ ਹੇਠਾਂ ਗੁਰਮਤਿ ਕਾਲਜ ਵਿਦਿਆ ਪ੍ਰਾਪਤ ਕਰਦਾ ਰਿਹਾ ਹਾਂ। ਉਦੋਂ ਤੋਂ ਲੈ ਕੇ ਹੁਣ ਤੱਕ ਉਹਨਾਂ ਕੋਲੋਂ ਅਗਵਾਈ ਮਿਲ ਰਹੀ ਹੈ।

ਗੁਰਮਤਿ ਦੇ ਹੋਰ ਪੱਖਾਂ ਦੇ ਨਾਲ ਨਾਲ ਕੀਰਤਨ ਬਾਰੇ ਵੀ ਆਪ ਦੇ ਅਨੇਕਾਂ ਲੇਖ ਮਿਲਦੇ ਹਨ। ਉਹਨਾਂ ਵਿੱਚੋਂ ਦੋ (ਭਾਈ ਮਰਦਾਨਾ ਅਤੇ ਭਾਈ ਹੀਰਾ ਸਿੰਘ ਜੀ) ਅਸੀਂ 'ਅੰਮ੍ਰਿਤ ਕੀਰਤਨ' ਦੇ ਅੰਕਾਂ ਵਿੱਚ ਪ੍ਰਕਾਸ਼ਿਤ ਕਰ ਚੁੱਕੇ। ਆਪ ਦੀ ਲਿਖੀ 'ਗੁਰੂ ਗ੍ਰੰਥ ਸਾਹਿਬ ਸਾਰ ਵਿਸਥਾਰ' ਗ੍ਰੰਥ ਲੜੀ ਵਿੱਚ ਪਹਿਲੀ ਸੈਂਚੀ ਵਿੱਚ ਗੁਰਮਤਿ ਸੰਗੀਤ ਬਾਰੇ ਇੱਕ ਵੱਡਾ ਲੇਖ ਗੁਰਮਤਿ ਸੰਗੀਤ ਦੀ ਬਹੁ ਪੱਖੀ ਜਾਣਕਾਰੀ ਦਿੰਦਾ ਹੈ।

ਅਸੀਂ ਆਪਣੇ ਵੱਲੋਂ ਚੀਫ਼ ਖਾਲਸਾ ਦੀਵਾਨ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਪ੍ਰਿੰਸੀਪਲ ਸਾਹਿਬ ਨੂੰ ਸਨਮਾਨ ਦੇ ਕੇ ਸਾਡਾ, ਉਹਨਾਂ ਦੇ ਸ਼ਗਿਰਦਾਂ ਦਾ ਵੀ ਮਾਣ ਵਧਾਇਆ ਹੈ।

## ਪ੍ਰੋ: ਜੋਗਿੰਦਰ ਸਿੰਘ

ਪ੍ਰੋ: ਜੋਗਿੰਦਰ ਸਿੰਘ ਜੀ ਸਟੇਜ ਦੇ ਧਨੀ ਅਤੇ ਕਲਮ ਦੇ ਉੱਤਮ ਕਲਾਕਾਰ ਹਨ। ਦਿੱਲੀ ਦੀਆਂ ਸਟੇਜਾਂ ਦੀ ਸਕੱਤਰੀ ਆਪ ਦੇ ਹਿੱਸੇ ਹੀ ਆਉਂਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭਾਵੇਂ ਧੜੇਬੰਦੀ ਰਹਿੰਦੀ ਹੈ ਪਰ ਸਟੇਜ ਉੱਤੇ ਜਿਸ ਸੂਝ ਬੂਝ ਦਾ ਆਪ ਪ੍ਰਗਟਾਵਾ ਕਰਦੇ ਹਨ ਉਸ ਕਰਕੇ ਸਾਰੇ ਹੀ ਆਪ ਦਾ ਅਤਿਅੰਤ ਸਤਿਕਾਰ ਕਰਦੇ ਹਨ।

ਗੁਰਮਤ ਬਾਰੇ ਆਪ ਦੀਆਂ ਲਿਖਤਾਂ ਤੋਂ ਸਾਰਾ ਸਿੱਖ ਜਗਤ ਜਾਣੂ ਹੈ। ਇਹਨਾਂ ਲਿਖਤਾਂ ਵਿੱਚ ਆਪ ਸਮੇਂ ਸਮੇਂ ਕੀਰਤਨ ਅਤੇ ਸੰਗੀਤ ਬਾਰੇ ਵੀ ਵਿਚਾਰ ਪ੍ਰਗਟਾਉਂਦੇ ਰਹਿੰਦੇ ਹਨ। ਆਪ ਕੀਰਤਨੀਆ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉੱਚ ਕੋਟੀ ਦੀ ਸੰਗੀਤ ਕਲਾ ਨੂੰ ਉਜਾਗਰ ਕਰਨ ਵਾਲਾ ਕੀਰਤਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ। ਅਸੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਧੰਨਵਾਦ ਕਰਦੇ ਹੋਏ। ਪ੍ਰੋਫੈਸਰ ਸਾਹਿਬ ਨੂੰ ਮੁਬਾਰਕਾਂ ਦਿੰਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਪ੍ਰੋਫੈਸਰ ਸਾਹਿਬ ਇਸੇ ਤਰ੍ਹਾਂ ਹੀ ਸੰਗਤਾਂ ਦੀ ਸੇਵਾ ਕਰਦੇ ਰਹਿਣ।

## ਪ੍ਰੋ. ਪਰਮਜੋਤ ਸਿੰਘ

ਪ੍ਰੋ. ਪਰਮਜੋਤ ਸਿੰਘ ਜੋ ਸੰਗੀਤ ਦੀ ਐਮ. ਏ. ਹਨ ਅਤੇ ਪੰਜਾਬ ਸਿੰਧ ਬੈਂਕ ਦੇ ਅਧਿਕਾਰੀ ਹਨ, ਵੀ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਨਮਾਨਿਤ ਕੀਤੇ ਗਏ ਹਨ। ਪ੍ਰੋ. ਪਰਮਜੋਤ ਸਿੰਘ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਸੰਗੀਤ ਦੇ ਲੈਕਚਰਾਰ ਰਹੇ। ਫਿ ਪੰਜਾਬ ਸਿੰਧ ਬੈਂਕ ਵਿੱਚ ਚਲੇ ਗਏ। ਆਪ ਨੇ ਸੰਗੀਤ ਸਿੱਖਿਆ ਪ੍ਰਸਿੱਧ ਰਾਗੀ ਭਾਈ ਸਮੁੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ। ਆਪ ਭਾਈ ਸਮੁੰਦ ਸਿੰਘ ਜੀ ਦੀ ਗਾਇਕੀ ਹੀ ਗਾਇਨ ਕਰਦੇ ਹਨ। ਸਾਡੀ ਬੇਨਤੀ ਤੇ ਛੇਤੀ ਹੀ ਆਪ ਭਾਈ ਸਾਹਿਬ ਦੀਆ ਬੰਦਸ਼ਾਂ ਦੀਆਂ ਨੋਟੇਸ਼ਨਾਂ ਬਣਾ ਦੇਣਗੇ ਜਿਹਨਾਂ ਨੂੰ ਸਮੇਂ ਸਮੇਂ ਛਾਪਣ ਦਾ ਸੁਭਾਗ ਅਸੀਂ ਪ੍ਰਾਪਤ ਕਰਾਂਗੇ। ਅਸੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਪ੍ਰੋ. ਪਰਮਜੋਤ ਸਿੰਘ ਨੂੰ ਸਨਮਾਨਤ ਕੀਤਾ ਹੈ।

— ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

अमृत कीर्तन

**Amrit Kirtan**

ਅੰਕ : 5

ਅਕਤੂਬਰ 1989



ਾਦਕ (ਆਨਰੇਰੀ)

ਜਾਗੀਰ ਸਿੰਘ

ਸਹਿਯੋਗ

ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੰਮਲ਼

ਡਾ. ਸਤੀਸ਼ ਮੈਨਨ

ਸ੍ਰ: ਕੁਲਦੀਪ ਸਿੰਘ

ਪ੍ਰੋ. ਮਨਜੀਤ ਸਿੰਘ

ਤਰਕਾਰ :

ਗੁਰਦੀਪ ਸਿੰਘ ਦੀਪ



ਠੀ ਪੱਤਰ ਲਈ ਪਤਾ :

ਮ੍ਰਿਤ ਕੀਰਤਨ ਟ੍ਰਸਟ (ਰਜਿ.)

2, ਸੈਕਟਰ 15-ਏ,

ਡੀਗੜ੍ਹ - 160015

ਨ : 24660


**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

ਸ਼ :

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

ਵਦੇਸ਼ :

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਸੂਚੀ


1. ਤੁਹਾਡੇ ਪੱਤਰ 2
2. ਸੰਗੀਤ ਦਾ ਬਾਦਸ਼ਾਹ ਤਾਨਸੈਨ
   — ਬਲਬੀਰ ਸਿੰਘ ਕੰਵਲ ਲੰਡਨ 4
3. ਸੁਰ ਅਤੇ ਤਾਲ — ਗੁਰਮੀਤ ਸਿੰਘ 13
4. ਪੰਜਾਬ ਕੇ ਸੰਗੀਤ ਘਰਾਨੇ
   — ਡਾ. ਡੀ. ਐਸ. ਨਰੂਲਾ 15
5. A View Point
   — Gurbachan Singh 19
6. ਭਲੋ ਭਲੋ ਰੇ ਕੀਰਤਨੀਆ
   — ਗਿ: ਗੁਰਨਾਮ ਸਿੰਘ ਸਹਾਣਾ 22
7. ਪੁਰਾਤਨ ਅਤੇ ਆਧੁਨਿਕ ਕੀਰਤਨ ਪਰੰਪਰਾ
   — ਪ੍ਰੋ. ਰਣਜੀਤ ਸਿੰਘ 23
9. ਸੁਰ ਲਿਪੀ
   — ਮਾਸਟਰ ਨਿਹਾਲ ਸਿੰਘ ਬੰਬਟੀ 27
10. ਸਮਾਚਾਰ 31



ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਰਸਾਲੇ ਬਾਰੇ ਜਾਣ ਕੇ ਬੜੀ ਖੁਸ਼ੀ ਹੋਈ । ਬੜੇ ਦਿਨਾਂ ਦੀ ਇਹ ਇੱਛਾ ਸੀ ਕਿ ਸਾਨੂੰ ਪਰਦੇਸਾਂ ਵਿੱਚ ਬੈਠਿਆਂ ਨੂੰ ਕੋਈ ਕੀਰਤਨ ਅਤੇ ਸੰਗੀਤ ਦਾ ਰਸਾਲਾ ਜਾਂ ਜਾਣਕਾਰੀ ਮਿਲੇ । ਸੋ ਸਤਿਗੁਰੂ ਦੀ ਮਿਹਰ ਸਦਕਾ ਇਹ ਕਾਮਨਾ ਪੂਰਨ ਹੋਈ ਹੈ ।

ਭਾਈ ਬਲਜਿੰਦਰ ਸਿੰਘ ਗੁਰਦੁਆਰਾ ਖਰੀਦਾ, ਖੜਗਪੁਰ
ਜ਼ਿਲਾ ਮਿਦਨਾਪੁਰ (ਬੰਗਾਲ)

'ਅੰਮ੍ਰਿਤ ਕੀਰਤਨ' ਦੀ ਜਿਤਨੀ ਵੀ ਤਾਰੀਫ਼ ਕੀਤੀ ਜਾਵੇ ਥੋੜ੍ਹੀ ਹੈ । ਆਪ ਜੀ ਨੇ ਸੰਗਤਾਂ ਨੂੰ ਇੱਕ ਅਨਮੋਲ ਦਾਤ ਦਿੱਤੀ ਹੈ ।

ਅਮਰਜੀਤ ਸਿੰਘ ਚਾਵਲਾ ਪੀਤਮਪੁਰਾ, ਦਿੱਲੀ-

ਤੁਹਾਡਾ ਉੱਦਮ ਕੀਰਤਨ ਦੇ ਪਰਚਾਰ ਅਤੇ ਪਰਸਾਰ ਲਈ ਜ਼ਰੂਰ ਸਹਾਈ ਹੁੰਦਾ ਜਾਪਦਾ ਹੈ ਕਿਉਂਕਿ ਤੁਹਾਨੂੰ ਇਸ ਦੇ ਪਰਚਾਰ ਦੀ ਦਿਲੋਂ ਰੀਝ ਹੈ । ਮੈਂ ਤੁਹਾਡੇ ਲੇਖ ਪੜ੍ਹਦਾ ਰਹਿੰਦਾ ਹਾਂ ।

ਕਹਿਣਾ ਪੈਂਦਾ ਹੈ ਕਿ ਗੁਰੂ ਸਾਹਿਬਾਨ ਨੇ ਕੀਰਤਨ ਨੂੰ ਸਿੱਖ ਸਭਿਆਚਾਰ ਵਿੱਚ ਵਿਸ਼ੇਸ਼ ਥਾਂ ਦਿੱਤੀ ਹੈ ਪਰ ਸਾਡੀਆਂ ਧਾਰਮਕ ਸੰਸਥਾਵਾ ਨੇ ਇਸ ਦੀ ਮਹੱਤਤਾ ਨੂੰ ਨਹੀਂ ਸਮਝਿਆ। ਸਿੱਖ ਸਭਿਆਚਾਰ ਦੀਆਂ ਸੂਖਮਤਾਈਆਂ ਬੜੇ ਉਚੇਚੇ ਧਿਆਨ ਦੀ ਮੰਗ ਕਰਦੀਆਂ ਹਨ । ਪਿੰਡਾਂ ਵਿੱਚ ਕੀਰਤਨ ਪਰਚਾਰ ਦੀ ਬਹੁਤ ਅਣਹੋਂਦ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਵੱਡੇ ਪਿੰਡਾਂ ਵਿੱਚ ਸੰਗੀਤ ਵਿਦਿਆਲੇ ਖੋਲ੍ਹਣ ਵੱਲ ਧਿਆਨ ਦੇਵੇ ।

'ਅੰਮ੍ਰਿਤ ਕੀਰਤਨ' ਦੇ ਨਾਲ ਨਾਲ ਕੈਸਟਾਂ ਰਾਹੀਂ ਵੀ ਕੁਝ ਰਾਗਾਂ ਦੀ ਜਾਣਕਾਰੀ ਉਪਰੰਤ 1-2 ਸ਼ਬਦ ਇਹਨਾਂ ਰਾਗਾਂ ਵਿੱਚ ਦੇਣ ਦਾ ਜਤਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕੀਰਤਨ ਰਸੀਏ ਜਾਂ ਕੀਰਤਨ ਸਿੱਖਿਆਰਥੀ ਇਸ ਦਾ ਲਾਭ ਉਠਾ ਸਕਣ ।

ਮਾਸਟਰ ਹੀਰਾ ਸਿੰਘ ਸੂਰ ਸਿੰਘ, ਜ਼ਿਲਾ ਅੰਮ੍ਰਿਤਸਰ

ਪਿਛਲੇ ਸਾਲ ਇਸ ਮੁਲਕ ਦੀ ਯਾਤਰਾ ਦੌਰਾਨ, ਆਪ ਜੀ, ਜੋ ਛਾਪ ਕੀਰਤਨ ਰਾਹੀਂ ਸੰਗਤਾਂ ਉੱਤੇ ਛੱਡ ਗਏ ਸੀ ਉਹ ਹਾਲੀ ਤਕ ਤਾਜ਼ਾ ਹੈ । ਉਪਰੰਤ ਆਪ ਨੇ ਸੰਗੀਤ ਅਤੇ ਰਾਗ ਦੇ ਖੇਤਰ ਵਿੱਚ ਨਵਾਂ ਮੈਗਜ਼ੀਨ ਕੱਢ ਕੇ ਲੰਬੇ ਸਮੇਂ ਤੋਂ ਚਲੀ ਆ ਰਹੀ ਘਾਟ ਨੂੰ ਕਿਸੇ ਹੱਦ ਤਕ ਪੂਰਾ ਕੀਤਾ ਹੈ । ਅੰਮ੍ਰਿਤ ਕੀਰਤਨ ਦੀ ਸੰਪਾਦਨਾ ਬਹੁਤ ਸੁਚੱਜੇ ਢੰਗ ਨਾਲ ਕੀਤੀ ਹੈ । ਸਾਜ਼ ਸੰਗੀਤ, ਰਾਗ, ਗੁਰਬਾਣੀ-ਵਿਚਾਰ ਤੋਂ ਇਲਾਵਾ ਪੁਰਾਤਨ ਰਾਗੀ ਸਿੰਘਾਂ ਦੀ ਜਾਣਕਾਰੀ ਅੱਜਕਲ ਦੇ ਉਭਰਦੇ ਨੌਜਵਾਨਾਂ ਵਿੱਚ ਬਹੁਤ ਜ਼ਰੂਰੀ ਹੈ । ਤਿੰਨ ਭਾਸ਼ਾਵਾਂ ਵਿੱਚ ਦਿੱਤੇ ਲੇਖਾਂ ਤੋਂ ਸਰੋਤੇ ਵਧੇਰੇ ਅਨੰਦ ਮਾਣ ਸਕਣਗੇ ।

ਸਿੱਖ ਮਿਸ਼ਨਰੀ ਸੁਸਾਇਟੀ ਯੂ. ਕੇ. ਵੱਲੋਂ ਆਪ ਜੀ ਨੂੰ ਇਸ ਉਪਰਾਲੇ ਲਈ ਹਾਰਦਿਕ ਸ਼ੁਭ ਕਾਮਨਾਵਾਂ ਭੇਜਦੇ ਹਾਂ ਅਤੇ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ।

ਆ. ਜਨਰਲ ਸਕੱਤਰ ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.
10, ਫੀਦਰਸਟੋਨ ਰੋਡ, ਸਾਊਥਹਾਲ, ਮਿਡਲਸੈਕਸ ਯੂ.ਕੇ.

# ਗਵਾਚੀ ਚੀਜ਼ ਲੱਭ ਪਈ

ਅੰਮ੍ਰਿਤ ਕੀਰਤਨ ਬਾਰੇ ਪਤਾ ਲੱਗਾ । ਬੜੀ ਪ੍ਰਸੰਨਤਾ ਹੋਈ । ਮਾਨੋ ਕੋਈ ਗਵਾਚੀ ਹੋਈ ਚੀਜ਼ ਲੱਭ ਪਈ ।

ਗਿਆਨੀ ਦੇਵਿੰਦ੍ਰ ਸਿੰਘ ਅਰਸ਼ੀ, 17 ਚੌਹਲ ਗਲੀ, ਪਟਿਆਲਾ

'ਅੰਮ੍ਰਿਤ ਕੀਰਤਨ ਨੂੰ ਪੜ੍ਹ ਕੇ ਸੰਗੀਤ ਬਾਰੇ ਜਾਣਕਾਰੀ ਮਿਲ ਸਕੇਗੀ । ਬੜੀ ਖੁਸ਼ੀ ਹੋਈ ।

ਸੁਖਵਿੰਦਰ ਸਿੰਘ ਬਹਿਰੀਨ

ਦਾਸ ਆਪ ਦੀ ਬਹੁਤ ਇੱਜ਼ਤ ਕਰਦਾ ਹੈ, ਕਿਉਂਕਿ ਸਿਰਫ ਆਪ ਹੀ ਗੁਰਬਾਣੀ ਦੇ ਕੀਰਤਨ ਨੂੰ ਰਾਗਾਂ ਅਨੁਸਾਰ ਲੈਅ-ਬੱਧ ਕਰਨ ਲਈ ਹਰ ਉਪਰਾਲਾ ਕਰ ਰਹੇ ਹੋ ਅਤੇ ਖੁਦ ਵੀ ਗਾਇਨ ਕਰ ਰਹੇ ਹੋ । ਦਾਸ ਕੀਰਤਨ ਦਾ ਰਸੀਆ ਹੈ ਤੇ ਖੁਦ ਵੀ ਨਿਮਾਣੀ ਕੋਸ਼ਿਸ਼ ਕਰ ਰਿਹਾ ਹੈ ਕਿ ਗੁਰਬਾਣੀ ਨੂੰ ਕਲਾਸੀਕਲ ਢੰਗ ਨਾਲ ਗਾਇਨ ਕੀਤਾ ਜਾਵੇ । ਮੈਨੂੰ ਅੰਮ੍ਰਿਤ ਕੀਰਤਨ ਦਾ ਪੱਕਾ ਮੈਂਬਰ ਬਣਾ ਲਿਆ ਜਾਵੇ ।

ਬੂਟਾ ਸਿੰਘ ਦਸਮੇਸ਼ ਨਗਰ, ਮੋਗਾ

ਕੀਰਤਨ-ਗੁਣਾਂ ਦਾ ਕਥਨ ਜਾਂ ਵਿਸ਼ੇਸ਼ ਦੇ ਗੁਣਾ ਦਾ ਗਾਉਣਾ । ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਤਕਰੀਬਨ ਸਾਰੀ ਹੀ ਰਾਗਾਂ ਉੱਤੇ ਅਧਾਰਿਤ ਹੈ ਇਸ ਦਾ ਸਿੱਧਾ ਜਿਹਾ ਅਰਥ ਇਹ ਵੀ ਲਗਾਇਆ ਜਾ ਸਕਦਾ ਹੈ ਇਸ ਦਾ ਸਾਨੂੰ ਕੀਰਤਨ ਕਰਨਾ ਚਾਹੀਦਾ ਹੈ ਕਿਉਂਕਿ ਰਾਗਾਂ ਵਿੱਚ ਰਚਣ ਦਾ ਕਾਰਨ ਇਹੀ ਹੈ । ਕਲਜੁਗ ਵਿੱਚ ਤਾਂ ਕੀਰਤਨ ਦੀ ਮਹਾਨਤਾ ਹੋਰ ਵੀ ਜ਼ਿਆਦਾ ਹੋ ਗਈ ਹੈ ।

ਇਹ ਜਾਣਕੇ ਬੜੀ ਖੁਸ਼ੀ ਹੋਈ ਹੈ ਕਿ ਕਿਸੇ ਗੁਰੂ ਪਿਆਰੇ ਨੇ ਕੀਰਤਨ ਨੂੰ ਉਤਸਾਹਿਤ ਕਰਨ ਲਈ ਰਸਾਲਾ ਕੱਢਿਆ ਹੈ । ਆਪ ਦਾ ਉੱਦਮ ਜ਼ਰੂਰ ਹੀ ਮੀਲ ਪੱਥਰ ਸਿੱਧ ਹਵੇਗਾ ।

ਹਰਕੇਵਲਜੀਤ ਸਿੰਘ, ਚੰਡੀਗੜ੍ਹ

ਆਪ ਜੀ ਨੇ ਇਹ ਬੜੀ ਕਿਰਪਾ ਕੀਤੀ ਹੈ ਜੋ ਸੰਗੀਤ ਪ੍ਰੇਮੀਆਂ ਨੂੰ 'ਅੰਮ੍ਰਿਤ ਕੀਰਤਨ' ਨਾਲ ਉਤਸ਼ਾਹ ਬਖਸ਼ਿਆ ਹੈ । ਇਸ ਤੋਂ ਪਹਿਲਾਂ ਵੀ ਆਪ ਜੀ ਦੇ ਲਿਖੇ ਲੇਖ ਅਖਬਾਰਾਂ ਵਿੱਚ ਪੜ੍ਹਦੇ ਰਹਿੰਦੇ ਹਾਂ ।

ਅਮਰੀਕ ਸਿੰਘ, ਜਮੂ

ਮੈਨੂੰ 'ਅੰਮ੍ਰਿਤ ਕੀਰਤਨ' ਮੈਗਜ਼ੀਨ ਭੇਜਣ ਦੀ ਕਿਰਪਾ ਕਰਨੀ । ਆਪ ਨੇ ਕੀਰਤਨ ਤੇ ਸੰਗੀਤ ਸੰਬੰਧੀ ਪੁਸਤਕਾਂ ਦੀ ਸੂਚੀ ਪ੍ਰਕਾਸ਼ਿਤ ਕਰਨ ਦੀ ਕਿਰਪਾ ਕਰਨੀ । ਆਪ ਦਾ ਟੈਲੀਵੀਜ਼ਨ ਤੋਂ ਪ੍ਰਸਾਰਿਤ ਕੀਰਤਨ ਪ੍ਰੋਗਰਾਮ ਰਸ ਭਿੰਨਾ ਤੇ ਅਨੰਦ ਮਈ ਹੁੰਦਾ ਹੈ ।

ਰਾਜਿੰਦਰ ਸਿੰਘ, ਫਿਰੋਜ਼ਪੁਰ

'ਅੰਮ੍ਰਿਤ ਕੀਰਤਨ' ਦੀ ਪ੍ਰਕਾਸ਼ਨਾ ਸ਼ਲਾਘਾ ਯੋਗ ਹੈ । ਆਪ ਨੇ ਰਾਗਾਂ ਦੀ ਨੋਟੇਸ਼ਨ ਛਾਪਣ ਦਾ ਕੰਮ ਬਹੁਤ ਹੀ ਠੀਕ ਕੀਤਾ ਹੈ । ਮੇਰੇ ਵਿਦਿਆਰਥੀ ਅਜਿਹੀ ਨੋਟੇਸ਼ਨ ਨੂੰ ਛੇਤੀ ਹੀ ਸਮਝ ਗਏ ਹਨ । ਅੰਮ੍ਰਿਤ ਕੀਰਤਨ ਦੇ ਵਿਸ਼ੇਸ਼ ਅੰਕਾਂ ਦੀ ਯੋਜਨਾ ਵੀ ਚੰਗੀ ਗੱਲ ਹੈ ।

ਰਾਜਿੰਦਰ ਸਿੰਘ ਛਾਬੜੀ ਅਮਰ ਗਿਆਨੀ ਕਾਲਜ
ਅਤੇ ਸੰਗੀਤ ਅਕਾਡਮੀ ਫਿਰੋਜ਼ਪੁਰ ਸ਼ਹਿਰ

# ਸੰਗੀਤ ਦਾ ਬਾਦਸ਼ਾਹ ਤਾਨਸੈਨ

**ਬਲਬੀਰ ਸਿੰਘ ਕੰਵਲ, ਲੰਡਨ**

'ਉਸ ਵਰਗਾ ਸੰਗੀਤਕਾਰ ਭਾਰਤ ਵਿੱਚ ਇੱਕ ਹਜ਼ਾਰ ਸਾਲ ਤੋਂ ਪੈਦਾ ਨਹੀਂ ਹੋਇਆ', ਆਈਨਿ--ਅਕਬਰੀ ਵਿੱਚ ਇਹ ਹੈ ਇੱਕੋ ਇੱਕ ਫਿਕਰਾ, ਉਸ ਸਮੇਂ ਦੇ ਮਹਾਨ ਕਲਮਕਾਰ ਅਬੁਲ ਫਜ਼ਲ ਦੀ ਕਲਮ ਤੋਂ, ਜਿਹੜਾ ਉਸਨੇ ਇਸ ਮਹਾਨ ਸੰਗੀਤਕਾਰ ਬਾਰੇ ਲਿਖਿਆ ਹੈ।

ਸਾਡੀ ਬੇਕਦਰੀ ਅਤੇ ਬੇਹਿਸੀ ਦਾ ਇਹ ਆਲਮ ਹੈ ਕਿ ਅਬੁਲ ਫਜ਼ਲ ਵਰਗਾ ਲੇਖਕ ਵੀ, ਇੱਕ ਆਲਮਗੀਰ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਗਾਇਕ ਨੂੰ ਆਪਣੀ ਮਹਾਨ ਕਿਰਤ ਵਿੱਚ ਕੇਵਲ ਇੱਕ ਫਿਕਰਾ ਹੀ ਦੇਂਦਾ ਹੈ। ਚਲੋ ! ਇਹ ਵੀ ਸੁਕਰ ਹੈ ਕਿ ਉਸ ਬਾਰੇ ਉਹ ਇੱਕ ਲੀਕ ਹੀ ਵਾਹ ਗਿਆ, ਜਿਹੜੀ ਉਸ ਦੀ ਕਲਾ, ਉਸਦੇ ਕਿਰਦਾਰ ਬਾਰੇ ਸਾਨੂੰ ਕਾਫੀ ਕੁਝ ਦੱਸ ਜਾਂਦੀ ਹੈ।

ਭਾਰਤੀ ਸੰਗੀਤ ਦੇ ਇਸ ਮਸੀਹੇ ਦਾ ਜਨਮ ਗਵਾਲੀਅਰ ਤੋਂ ਸੱਤ ਕੁ ਕੋਹ ਪੂਰਬ ਵੱਲ ਨੂੰ ਪਿੰਡ ਬੇਹਟ ਵਿੱਚ 1524 ਦੇ ਲੱਗ-ਪੱਗ ਹੋਇਆ। ਉਸਦੇ ਪਿਓ ਦਾ ਨਾਂ ਮਕਰੰਦ ਪਾਂਡੇ ਸੀ, ਜਿਹੜਾ ਜਾਤ ਦਾ ਗੌੜ ਬ੍ਰਾਹਮਣ ਸੀ।

ਤ੍ਰਿਲੋਚਨ ਮਿਸ਼ਰ ਤਨਾ ਜਾਂ ਤਾਨਸੈਨ, ਹਿੰਦੂ ਸੀ ਜਾਂ ਮੁਸਲਮਾਨ, ਕਈ ਵੇਰ ਇਸ ਗੱਲ ਨੂੰ ਬਹੁਤ ਬੁਰੀ ਤਰ੍ਹਾਂ ਉਭਾਰਿਆ ਜਾਂਦਾ ਹੈ। ਮੇਰੇ ਖਿਆਲ ਅਨੁਸਾਰ, ਉਹੋ ਜਹੇ ਕਲਾਕਾਰ ਲਈ ਇਹ ਗੱਲ ਕੋਈ ਐਨਾ ਮਹੱਤਵ ਨਹੀਂ ਰੱਖਦੀ ਕਿਉਂਕਿ ਉਸਦਾ ਧਰਮ ਤਾਂ ਬਸ ਸੰਗੀਤ ਹੀ ਬਣ ਚੁੱਕਾ ਸੀ। ਐਨੇ ਉੱਚੇ ਪੱਧਰ ਦੇ ਕਲਾਕਾਰ ਲਈ ਧਰਮ ਨੂੰ ਐਨੀ ਮਹੱਤਤਾ ਦੇਣ ਲਈ ਐਨੀ ਵਿਹਲ ਕਿੱਥੋਂ ? ਫਿਰ ਵੀ ਜੇਕਰ ਉਸਦੇ ਅਸਲੇ ਬਾਰੇ ਗਲ ਪੁੱਛਣੀ ਹੈ, ਤਾਂ ਉਹ ਇਹ ਹੈ ਕਿ ਉਸਦਾ ਅਸਲਾ ਬ੍ਰਾਹਮਣ ਕੁੱਲ ਦਾ ਸੀ। ਉਸਦਾ ਅਸਲ ਗੁਰੂ ਵੀ ਹਿੰਦੂ ਅਤੇ ਉਸਦੀ ਸਾਰੀ ਤਾਲੀਮ ਵੀ ਹਿੰਦੂ ਪ੍ਰੰਪਰਾ ਅਨੁਸਾਰ ਹੋਈ।

ਫਾਰਸੀ ਦੀ ਇੱਕ ਕਿਰਤ ਮੁਨਤਖਾਬੁਤ ਤਵਾਰੀਖ ਦੇ ਕਰਤਾ ਅਬਦੁਲ ਕਾਦਿਰ ਬਦਾਯੂਨੀ ਤੋਂ ਛੁੱਟ (ਜਿਹੜਾ ਉਸਨੂੰ ਇੱਕ ਥਾਂ ਤਾਨ ਸਿੰਘ ਵੀ ਲਿਖ ਜਾਂਦਾ ਹੈ) ਆਮ ਹੀ ਮੁਸਲਮਾਨ ਲੇਖਕ, ਉਸ ਨੂੰ ਮੁਸਲਮਾਨ ਕਹਿ ਕੇ ਆਪਣੇ ਸੀਨੇ ਨਾਲ ਲਾਉਂਦੇ ਹਨ। ਚਲੋ, ਏਦਾਂ ਵੀ ਕੀ ਹਰਜ਼ ਹੈ। ਇਸ ਦਾ ਇਹ ਕਾਰਨ ਹੈ ਕਿ ਮਕਰੰਦ ਪਾਂਡੇ ਦੇ ਘਰ ਔਲਾਦ ਨਹੀਂ ਸੀ ਬਚਦੀ।

---

**ਨੋਟ :** ਪਿੰਡ ਬੇਹਟ ਪਿਛੋਰ ਪਰਗਨਾ ਦੇ ਅਧੀਨ ਹੈ। ਏਥੋਂ ਦੀ ਇੱਕ ਬੜੀ ਪੁਰਾਣੀ ਅਤੇ ਕਾਫੀ ਭਾਰੀ ਗੜ੍ਹੀ ਤੋਂ ਪਤਾ ਚਲਦਾ ਹੈ ਕਿ ਉਹ ਬਹੁਤ ਪੁਰਾਣਾ ਹੈ। ਇਸ ਸਦੀ ਦੇ ਸ਼ੁਰੂ ਵਿੱਚ ਇਸ ਵਿੱਚ 67 ਘਰ ਵਸਦੇ ਸਨ, ਜਿਹੜੇ ਲੱਗ-ਪੱਗ ਦੁੱਗਣੇ ਹੋ ਗਏ ਹਨ। ਇਸ ਪਿੰਡ ਦੀ ਜ਼ਮੀਨ 3728 ਬਿਘੇ ਹੈ। ਪਿਛੋਰ ਪਰਗਨੇ ਦੇ ਅਧੀਨ ਹੀ ਇੱਕ ਪਿੰਡ ਆਂਬਰੀ ਹੈ, ਜਿੱਥੇ ਤਾਨਸੈਨ ਦ ਮਹਾਨ ਸਮ-ਕਾਲੀ ਇਤਿਹਾਸਕਾਰ ਅਬੁਲ ਫਜ਼ਲ ਦਾ ਮਕਬਰਾ ਹੈ।

ਲੋਕਾਂ ਦੇ ਕਹਿਣ ਸੁਣਨ ਤੇ ਉਹ ਗਵਾਲੀਅਰ ਦੇ ਪ੍ਰਸਿੱਧ ਫਕੀਰ ਮੁਹੰਮਦ ਗੌਂਸ ਦੇ ਚਰਨੀਂ ਪਿਆ, ਜਿਸ ਉਪਰੰਤ ਸੱਚੇ ਫਕੀਰ ਨੇ ਉਸਨੂੰ ਬਚਨ ਦੇ ਦਿੱਤਾ ਕਿ ਉਸਦੇ ਘਰ ਬਾਲ ਹੋਏਗਾ, ਜੀਵਨ ਵੀ ਰਹੇਗਾ ਅਤੇ ਉਂਜ ਵੀ ਐਸਾ ਕਿ ਆਪਣੇ ਖਾਨਦਾਨ ਦਾ ਨਾਂ ਰਹਿੰਦੀ ਦੁਨੀਆਂ ਤੱਕ ਰੋਸ਼ਨ ਕਰੇਗਾ। ਸੋ ਇੱਕ ਦਿਨ ਇਹ ਸਭ ਗੱਲਾਂ ਸੋਲਾਂ ਆਨੇ ਸੱਚ ਨਿਕਲੀਆਂ। ਇਸ ਘਟਨਾ ਨੂੰ ਅਜੇ ਇੱਕ ਸਾਲ ਹੀ ਬੀਤਿਆ ਸੀ ਕਿ ਫਕੀਰ ਦੀਆਂ ਦੁਆਵਾਂ ਵਰ ਆਈਆਂ ਅਤੇ ਪਾਂਡੇ ਦੇ ਘਰ ਹੀਰੇ ਵਰਗੇ ਇੱਕ ਬਾਲ ਨੇ ਜਨਮ ਲਿਆ।

ਸੁਹਿਰਦ ਮਾਂ ਬਾਪ ਆਪਣੇ ਲਾਲ ਨੂੰ ਝੋਲੀ ਪਾ ਕੇ, ਫਕੀਰ ਜੀ ਕੋਲ ਗਵਾਲੀਅਰ ਵਿਖੇ ਆ ਗਏ, ਆਪਣੀ ਸ਼ਰਧਾ ਅਪਣੀ ਅਕੀਦਤ ਦੇ ਫੁੱਲ ਚਾੜ੍ਹਨ, ਅਤੇ ਆਪਣੀਆਂ ਅੱਖੀਆਂ ਦਾ ਤਾਰਾ ਵੀ ਉਨ੍ਹਾਂ ਨੂੰ ਭੇਟ ਕਰਨ।

'ਸਾਈਂ ਜੀ, ਤੁਸੀਂ ਸਾਡੇ ਤੇ ਬਹੁਤ ਰਹਿਮ ਕਰਮ ਕੀਤਾ ਹੈ। ਅਸੀਂ ਤੁਹਾਡਾ ਦੇਣਾ ਨਹੀਂ ਦੇ ਸਕਦੇ। ਇਹ ਬਾਲ ਹੁਣ ਤੁਹਾਡਾ ਹੀ ਹੈ। ਹੁਣ ਇਸ ਨੂੰ ਬਸ ਆਪਣਾ ਪੁੱਤਰ ਸਮਝ ਕੇ ਪਾਲਣਾ ਕਰਨੀ।'

ਪਰਵਰਿਸ਼ ਸ਼ੁਰੂ ਹੋ ਗਈ! ਉਸ ਦੀਆਂ ਮਿੱਠੀਆਂ, ਤੋਤਲੀਆਂ ਗੱਲਾਂ ਸੁਣ-ਸੁਣ ਕੇ, ਉਸ ਦੀ ਆਵਾਜ਼ ਵਿੱਚ ਮਧੁਰਤਾ ਅਨੁਭਵ ਕਰਕੇ, ਮੁਰਸ਼ਦ ਨੇ ਬਾਲ ਦਾ ਨਾਂ ਲਾਡ ਨਾਲ ਟੋਡੀ ਰੱਖ ਦਿੱਤਾ।

1532 ਦੇ ਕਰੀਬ ਉਸ ਨੂੰ ਮ੍ਰਿਗਨੈਣੀ ਸੰਗੀਤ ਵਿਦਿਆਲਾ ਵਿੱਚ ਦਾਖਿਲ ਕਰਵਾ ਦਿੱਤਾ ਗਿਆ। ਉਸ ਸਮੇਂ ਉੱਥੇ ਸਵਰਗਵਾਸੀ ਬਖਸ਼ੂ ਦੇ ਦੋ ਸ਼ਾਗਿਰਦ ਮਛੂ ਅਤੇ ਭੰਵਰ ਤਾਲੀਮ ਦੇ ਰਹੇ ਸਨ। ਇਸ ਥਾਂ ਉਸ ਨੇ ਚਾਰ ਪੰਜ ਸਾਲ ਲਾਏ। ਦੱਸਿਆ ਜਾਂਦਾ ਹੈ ਕਿ ਕੁਝ ਸਮਾਂ ਪਾ ਕੇ ਉੱਥੇ ਉਹ ਇੱਕ ਮੋਹਕ ਗਾਇਕਾ ਹੁਸੈਨੀ ਤੇ ਮੋਹਿਤ ਹੋ ਗਿਆ। ਇਹ ਪਿਆਰ ਫਿਰ ਪ੍ਰਵਾਨ ਵੀ ਚੜ੍ਹਿਆ, ਜਦ ਕਿ ਇਹਨਾ ਦੋਹਾਂ ਕਲਾਕਾਰਾਂ ਦੀ ਸ਼ਾਦੀ ਹੋ ਗਈ।

ਫਕੀਰਾਂ ਦੇ ਫਕੀਰ ਹੀ ਯਾਰ। ਮੁਹੰਮਦ ਗੌਂਸ ਅਤੇ ਮਥਰਾ ਨਿਵਾਸੀ ਸੁਆਮੀ ਹਰੀ ਦਾਸ ਦੀ ਆਪਸ ਵਿੱਚ ਬਹੁਤ ਬਣਦੀ ਸੀ। ਸਮੇਂ ਦੇ ਮਹਾਨ ਫਕੀਰ ਇੱਕ ਦੂਜੇ ਕੋਲ ਆਮ ਆਉਂਦੇ ਜਾਂਦੇ। ਦੋਵੇਂ ਅਦਵੈਤੀ ਸਨ, ਰੂਹਾਂ ਦੇ ਉੱਚੇ ਪਰਵਾਜ਼ ਸਹਿਤ ਆਪਸ ਵਿੱਚ ਪੇਚੇ ਲੱਗਦੇ। ਵੇਦਾਂਤ ਬਾਰੇ ਖੂਬ ਝਪਟਾਂ ਹੁੰਦੀਆਂ।

ਸੁਆਮੀ ਜੀ ਇੱਕ ਵਾਰ ਫਿਰ ਗਵਾਲੀਅਰ ਵੱਲ ਨੂੰ ਆਏ। ਜਿੱਥੇ ਅੱਜਕੱਲ ਜੀਆ ਜੀ ਰਾਓ ਕਾਟਨ ਮਿੱਲਾਂ ਹਨ, ਇਸ ਥਾਂ ਕਦੇ ਹਰੇ ਭਰੇ ਬਾਗ ਸਨ। ਜਦੋਂ ਸੁਆਮੀ ਜੀ, ਇਸ ਬਾਗ ਵਿੱਚੋਂ ਦੀ ਲੰਘਣ ਲੱਗ ਤਾਂ ਤ੍ਰਿਲੋਚਨ ਨੇ ਸ਼ੇਰ ਦੀ ਆਵਾਜ਼ ਵਿੱਚ ਦਹਾੜਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਤੱਕ, ਉਸ ਬਾਲ ਨੂੰ ਕੀ ਪਤਾ ਸੀ ਕਿ ਜੇ ਉਹ ਸ਼ੇਰ ਦੀ ਆਵਾਜ਼ ਪੈਦਾ ਕਰਕੇ ਯਾਤਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਉੱਧਰ ਵੀ ਕੰਨ ਉਹੋ ਜਹੇ ਹਨ, ਜਿਹੜੇ ਗੰਢੇ ਦੀ ਛਿੱਲ ਨਾਲੋਂ ਵੀ ਪਤਲੇਰੇ ਹਨ!

ਸੁਆਮੀ ਜੀ ਮੁਸਕਰਾ ਪਏ ਅਤੇ ਆਪਣੇ ਨਾਲ ਆਈ ਸਾਧੂਆਂ ਦੀ ਮੰਡਲੀ ਨੂੰ ਕਹਿਣ ਲੱਗੇ, ਕਿ ਇਸ 'ਸ਼ੇਰ' ਨੂੰ ਫੜ ਕੇ ਲਿਆਓ, ਇਸ ਨੂੰ ਜਾਨਵਰ ਤੋਂ ਬੰਦਾ ਬਣਾ ਦੇਈਏ।

ਹੁਣ ਇਸ ਥਾਂ ਆ ਕੇ ਵੀ ਕੁਝ ਫਿਰਕਾ-ਪ੍ਰਸੱਤ ਲਿਖਾਰੀ ਆਪਣੇ ਆਪਣੇ ਮਨ ਦੀਆਂ ਖੂਬ ਲਾਹੁੰਦੇ ਹਨ। ਕੁਝ ਆਖਦੇ ਹਨ ਕਿ ਤ੍ਰਿਲੋਚਨ ਦੀ ਮਿੱਠੀ ਆਵਾਜ਼ ਤਾਂ ਹੋਈ ਕਿ ਹਜ਼ਰਤ ਮੁਹੰਮਦ ਗੌਂਸ ਨੇ ਆਪਣਾ ਜੂਠਾ ਪਾਨ ਉਸ ਦੇ ਮੂੰਹ ਵਿੱਚ ਉਗਲ ਦਿੱਤਾ ਸੀ। ਦੂਜੇ ਪਾਸੇ ਕੁ ਬੰਦੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਸਦੇ ਗਲੇ ਵਿੱਚ ਸੁਆਮੀ ਜੀ ਨੇ ਸ਼ਹਿਦ ਘੋਲਿਆ ਖੈਰ ਆਪਣੇ ਆਪ ਵਿੱਚ ਮੈਂ ਦੋਹਾਂ ਚੀਜ਼ਾਂ ਨੂੰ ਮੰਨਦਾ ਹਾਂ। ਕਿਸੇ ਸੱਚੇ ਫਕੀਰ ਦੀ ਅਸ਼ੀਰਵਾ ਵੀ ਕਈ ਵੇਰ ਕੁਲਾਂ ਤਾਰ ਦੇਂਦੀ ਹੈ ਅਤੇ ਏਸੇ ਤਰ੍ਹਾਂ ਮੈਂ ਸਿੱਖਿਆ ਅਤੇ ਕਿਰਤ ਵਿੱਦਿਆ ਵਿ ਵੀ ਪੂਰਾ ਯਕੀਨ ਰੱਖਦਾ ਹਾਂ।

ਸੁਆਮੀ ਜੀ ਨੇ ਉਸ ਨੂੰ ਦਸ ਗਿਆਰਾਂ ਸਾਲਾਂ ਵਿੱਚ ਇੱਕ ਮਹਾਨ ਗਾਇਕ ਬਣਾ ਦਿੱਤਾ ਹੁਣ ਤਾਂ ਉਸ ਦੀ ਕੀਰਤੀ ਦੂਰ-ਦੂਰ ਤੱਕ ਪਹੁੰਚ ਗਈ। ਉਸ ਨੂੰ ਅਣਗਣਿਤ ਧਰੁਪਦਾਂ ਯਾ ਹੋ ਗਈਆਂ। ਦਿਨ ਰਾਤ ਦੇ ਕੁਹਨਾ ਰਿਆਜ਼ ਨੇ ਉਸ ਦੇ ਗਲੇ ਨੂੰ ਪੂਰਨ ਕੰਚਨ ਬਣਾ ਦਿੱਤਾ। ਹੁਣ ਤਾਂ ਥਾਂ-ਥਾਂ ਦੇ ਰਾਜ ਦਰਬਾਰ ਉਸ ਨੂੰ ਆਪਣੇ ਕੋਲ ਰੱਖਣ ਲਈ ਰੀਝਦੇ। ਉਸਨੇ ਕੁ ਸਮਾਂ ਰਿਆਸਤ ਰੀਵਾ ਦੇ ਮਹਾਰਾਜ ਰਾਮ ਚੰਦਰ ਕੋਲ ਗੁਜ਼ਾਰਿਆ। ਉਹ ਇਸਦੀ ਬਹੁਤ ਕਦ ਕਰਦਾ ਸੀ ਅਤੇ ਇੱਕ ਵੇਰ ਉਸਨੇ ਇਸ ਨੂੰ ਦੋ ਕਰੋੜ ਦਮੜੇ ਵੀ ਇਨਾਮ ਵਜੋਂ ਦਿੱਤੇ ਸਨ।

## ਅਕਬਰੀ ਦਰਬਾਰ ਨਾਲ ਸੰਬੰਧ :

ਉਸ ਦੇ ਮਧੁਰ ਗਲੇ ਦੀ ਤਾਰੀਫ ਦਿੱਲੀ ਤੱਕ ਵੀ ਪੁੱਜ ਗਈ। 1562 ਦੇ ਕਰੀਬ ਸਮਰਾਟ ਅਕਬਰ ਨੇ ਉਸ ਨੂੰ ਆਪਣੇ ਕੋਲ ਸੱਦ ਲਿਆ। ਸੰਗੀਤ ਸ਼ੈਦਾਈ ਰਾਜਾ ਰਾਮਚੰਦ ਨੇ ਉਸ ਨੂੰ ਵਿਦਾ ਤਾਂ ਕੀਤਾ, ਪਰ ਆਪਣੇ ਦਿਲ ਤੇ ਹੱਥ ਰੱਖ ਕੇ। ਦੱਸਿਆ ਜਾਂਦਾ ਹੈ ਤੋਰਨ ਸਮੇਂ ਉਸ ਦੀ ਪਾਲਕੀ ਨੂੰ ਮਹਾਰਾਜ ਨੇ ਮੋਢਾ ਦਿੱਤਾ ਹੋਇਆ ਸੀ ਅਤੇ ਉਸ ਦੀ ਅੱਖੀਆਂ ਛਲਕ ਰਹੀਆਂ ਸਨ।

ਦਰਬਾਰ ਵਿੱਚ ਉੱਥੇ ਅੱਗੇ ਹੀ ਬੜੇ-ਬੜੇ ਗਾਇਕ ਅਤੇ ਸਾਜ਼ਿੰਦੇ ਸਸ਼ੋਭਿਤ ਸਨ। ਕੋ ਦਾ ਮਾਹੌਲ ਪੂਰਾ ਸੰਗੀਤਮਈ ਸੀ। ਜਿਸ ਨੇ ਨਵੇਂ ਆਏ ਗਵੱਈਏ ਨੂੰ ਬਹੁਤ ਪ੍ਰੇਰਨਾ ਦਿੱਤੀ ਜੇਕਰ ਅਸੀਂ ਨਕਾਰਖਾਨੇ ਦੇ ਸਾਜ਼ਾਂ ਵੱਲ ਜ਼ਰਾ ਝਾਤੀ ਮਾਰੀਏ ਤਾਂ ਹੀ ਸਾਨੂੰ ਉੱਥੋਂ ਦੇ ਮਾਹੌ ਦਾ ਮਾੜਾ ਜੇਹਾ ਅਨੁਮਾਨ ਹੋ ਜਾਵੇਗਾ।

ਨਕਾਰਖਾਨੇ ਵਿੱਚ ਕੁਵਰਗ ਜਾਂ ਦਮਾਮਿਆਂ ਦੇ ਅਠਾਰਾਂ ਜੋੜੇ ਸਨ, ਨਕਾਰੇ ਲੋਕ ਸਾਜ਼ ਵੀਹ ਜੋੜੇ, ਢੋਲ ਦੋ ਜੋੜੇ, ਕਰਨਾਇ ਦੋ ਜੋੜੇ, ਇਹਨਾਂ ਮੋਟੇ ਲੋਕ-ਸਾਜ਼ਾਂ ਤੋਂ ਛੁਟ. ਉਸਤਾ ਦੇ ਦੂਜੇ ਸਾਜ਼ਾ ਦਾ ਤਾਂ ਕੋਈ ਹਿਸਾਬ ਹੀ ਨਹੀਂ ਸੀ। ਸ਼ਾਹੀ ਕਿਲੇ ਵਿੱਚ ਅੱਧੀ ਰਾਤ ਤੋਂ ਕੰਮ ਚਾਲੂ ਹੋ ਜਾਂਦਾ, ਜਿਹੜਾ ਰਾਤ ਦੇ ਖਾਉਪੀਏ ਤੱਕ ਚਲਦਾ ਰਹਿੰਦਾ। ਦਿਨ ਚੜ੍ਹਦਾ ਅ ਉਧਰੋਂ ਤਾਨ ਸੈਨ ਹੋਰੀਂ ਵੀ, ਭੈਰਵੀ ਦੀਆਂ ਸੁਰਾਂ ਅਲਾਪਣ ਲੱਗ ਪੈਂਦੇ :--

ਤੂ ਹੀ ਵੇਦ, ਤੂ ਹੀ ਪ੍ਰਾਨ,  
ਤੂ ਹੀ ਹਦੀਸ, ਤੂ ਹੀ ਕੁਰਾਨ,  
ਤੂ ਹੀ ਧਿਆਨ, ਤੂ ਹੀ ਗਿਆਨ,  
ਤੂ ਹੀ ਪਰਮ ਵਨੇਸ਼।

ਬਸ ਕੰਨਾਂ ਵਿੱਚ ਜਿਵੇਂ ਰਸ ਘੁਲਣ ਲੱਗ ਜਾਂਦੀ। ਸਮਰਾਟ ਅਕਬਰ ਇਹ ਨਹੀਂ ਕਿ ਕਦੇ ਕਦੇ ਸੁਹਣਾ ਨਕਾਰਾ ਹੀ ਵਜਾਉਂਦਾ, ਸਗੋਂ ਉਸ ਨੂੰ ਗਲੇ ਦੀਆਂ ਮਧੁਰ ਧੁਨਾਂ ਸੁਣਨ ਦਾ ਵੀ ਕੰਨ ਰਸ ਸੀ। ਗਾਣੇ ਦੀ ਤਾਲੀਮ ਉਸਨੇ ਬਾਕਾਇਦਾ ਲਾਲ ਕਲੌਂਤ ਕੋਲੋਂ ਲਈ ਸੀ।

ਬਸ ਫਿਰ ਕੀ ਸੀ। ਉਧਰੋਂ ਅਕਬਰ ਦਾ ਦਰਬਾਰ ਅਤੇ ਤਾਨ ਸੇਨ ਦਾ ਗਲਾ। ਲੱਖ ਦੋ ਲੱਖ ਦਮੜਿਆਂ ਦੇ ਇਨਾਮਾਂ ਤੋਂ ਛੁੱਟ ਕਈ ਵੇਰ ਗਲ ਵਿਚਲੀ ਮਾਲਾ ਵੀ ਨਿਛਾਵਰ ਕਰ ਦਿੱਤੀ ਜਾਂਦੀ।

ਇਸ ਕਲਾਕਾਰ ਨੇ ਜਿਸ ਦੀ ਗਣਨਾ ਅਕਬਰ ਦੇ ਨੌਂ ਰਤਨਾਂ ਵਿੱਚ ਸੀ, ਆਪਣੇ ਜੀਵਨ ਵਿੱਚ ਕਈ ਨਵੇਂ ਰਾਗਾਂ ਦੇ ਸਫਲ ਤਜਰਬੇ ਕੀਤੇ, ਜਿਨ੍ਹਾਂ ਵਿੱਚੋਂ ਕੁਝ ਰਾਗ ਅੱਜ ਵੀ ਉਸ ਦੇ ਨਾਂ ਨਾਲ ਜੋੜੇ ਜਾਂਦੇ ਹਨ।

ਉਸ ਦਾ ਸਭ ਤੋਂ ਵੱਧ ਚਹੇਤਾ ਰਾਗ ਦਰਬਾਰੀ ਸੀ, ਜਿਸ ਦਾ ਠਾਠ ਆਸਾਵਰੀ ਹੈ। ਕੁਝ ਉਸਤਾਦਾਂ ਦੇ ਵਿਸ਼ਵਾਸ ਅਨੁਸਾਰ ਇਸ ਰਾਗ ਦਾ ਦੂਜਾ ਜਨਮ ਕਰਨਾਟਕ ਵਿੱਚ ਹੋਇਆ। ਇਸ ਦਾ ਦੂਜਾ ਨਾਂ ਕਰਨਾਟਕੀ ਦੱਸਦੇ ਹਨ, ਜਿਹੜਾ ਵਿਗੜ ਕੇ ਕਾਨੜਾ ਸਦਵਾਇਆ ਜਾਣ ਲੱਗ ਪਿਆ। ਕਿਉਂ ਕਿ ਅਕਬਰ ਨੂੰ ਇਹ ਰਾਗ ਬਹੁਤ ਪਸੰਦ ਸੀ, ਅਤੇ ਉਸਦੇ ਦਰਬਾਰ ਵਿੱਚ ਆਮ ਗਾਇਆ ਜਾਂਦਾ ਸੀ, ਇਸ ਲਈ ਉਸ ਦੇ ਆਖੇ ਤੇ ਇਸ ਦਾ ਨਾਂ ਦਰਬਾਰੀ ਰੱਖ ਦਿੱਤਾ ਗਿਆ। ਇਹ ਰਾਗ ਅਲਾਪ ਦੇ ਕਾਬਲ ਹੈ ਅਤੇ ਰਾਤ ਦੇ ਦੂਜੇ ਪਹਿਰ ਵਿੱਚ ਗਾਇਆ ਜਾਂਦਾ ਹੈ। ਇਸ ਨੂੰ ਵਿਲੰਬਤਾ ਲੈ ਵਿੱਚ ਗਾਈਏ ਤਾਂ ਹੀ ਮਜ਼ਾ ਆਉਂਦਾ ਹੈ ਅਤੇ ਤਾਂ ਹੀ ਇਹ ਦਰਬਾਰ ਦਾ ਸਹੀ ਮਾਹੌਲ ਪੈਦਾ ਕਰਦਾ ਹੈ।

ਲੇਖਕ ਪਾਕਿਸਤਾਨੀ ਇੱਕ ਕਿਰਤ 'ਹਮਾਰੀ ਮੌਸੀਕੀ-ਏਕ ਤੁਆਰੁੱਫ' (1961) ਵਿੱਚ ਖਾਦਮ ਮੁਹੀਉਦੀਨ ਦੇ ਛਪੇ ਇੱਕ ਲੇਖ ਵਿਚਲੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਦਰਬਾਰੀ ਦਾ ਪਹਿਲਾ ਨਾਂ 'ਕਰਨਾਟਕ' ਸੀ। ਸਗੋਂ ਕਰਨਾਟਕੀ ਦਰਬਾਰੀ ਬਣਿਆ।

ਦੂਜਾ ਰਾਗ, ਜਿਹੜਾ ਉਸਦੇ ਨਾਂ ਨਾਲ ਜੋੜਿਆ ਜਾਂਦਾ ਹੈ, ਮੀਆਂ ਕੀ ਟੋਡੀ ਸੀ, ਜਿਹੜਾ ਦਿਨ ਦੇ ਦੂਜੇ ਪਹਿਰ ਵਿੱਚ ਗਾਇਆ ਜਾਂਦਾ ਹੈ :

ਮੀਆਂ ਕੀ ਮਲ੍ਹਾਰ ਵੀ ਉਸ ਦਾ ਮਹਿਬੂਬ ਰਾਗ ਸੀ, ਜਿਹੜਾ ਕਾਫ਼ੀ ਠਾਠ ਦਾ ਰਾਗ ਹੈ ਅਤੇ ਵਰਖਾ ਰੁੱਤ ਵਿੱਚ ਅੱਧੀ ਰਾਤ ਨੂੰ ਖੂਬ ਠੱਠ ਬੰਨ੍ਹਦਾ ਹੈ।

ਏਸੇ ਤਰ੍ਹਾਂ ਮੀਆਂ ਕੀ ਸਾਰੰਗ ਵੀ ਉਸਦਾ ਆਪਣਾ ਅਤੇ ਕਬਜ਼ੇ ਦਾ ਰਾਗ ਸੀ। ਇਹ ਵੀ ਕਾਫੀ ਠਾਠ ਦਾ ਰਾਗ ਸੀ ਅਤੇ ਮੀਆਂ ਦੀ ਮਲ੍ਹਾਰ ਨਾਲ ਮਿਲਦਾ ਜੁਲਦਾ ਹੈ। ਇਸ ਦੇ ਗਾਉਣ ਦਾ ਸਮਾ ਦਿਨ ਦਾ ਦੂਜਾ ਪਹਿਰ ਹੈ।

ਇੱਕ ਅੰਗਰੇਜ਼ ਲਿਖਾਰੀ ਮਿਸਟਰ ਪੋਪਲੇ, ਤਾਂ ਏਥੋਂ ਤੱਕ ਵੀ ਲਿਖਦਾ ਹੈ ਕਿ ਉਸ ਨੇ ਰਬਾਬ ਦੀ ਕਾਢ ਵੀ ਕੱਢੀ। ਐਡੇ ਵੱਡੇ ਕਲਾਕਾਰ ਲਈ ਇਹ ਕੋਈ ਅਸਚਰਜਤਾ ਵਾਲੀ ਤਾਂ ਨਹੀਂ, ਫਿਰ ਵੀ ਇਹ ਸਾਜ਼ ਉਸ ਤੋਂ ਪਹਿਲਾਂ ਦੀ ਕਾਢ ਹੈ। ਹਾਂ, ਇਹ ਹੋ ਸਕਦਾ ਹੈ ਕਿ ਉਸ ਨੇ ਇਸ ਵਿੱਚ ਕੋਈ ਮਾੜੀ ਮੋਟੀ ਤਰਮੀਮ ਕੀਤੀ ਹੋਵੇ।

ਉਹ ਕਿੱਡਾ ਕੁ ਮਹਾਨ ਕਲਾਕਾਰ ਸੀ, ਸੂਰ ਦਾਸ ਦੇ ਇਸ ਦੋਹੇ ਤੋਂ ਵੀ ਪਤਾ ਲੱਗ ਜਾਂਦਾ ਹੈ--

ਭਲੇ ਭਯੋਂ ਵਿਧੀ ਨਾ ਦੀਏ, ਸ਼ੇਸ਼ ਨਾਗ ਕੋ ਕਾਨ

ਧਾਰਾ ਮੇਰੂ ਸਭ ਡੋਲਤੇ, ਤਾਨ ਸੈਨ ਕੀ ਤਾਨ ਅਰਥਾਤ : ਚਲੋ ਭਈ ਚੰਗਾ ਹੋਇਆ ਕੁਦਰਤ ਨੇ ਸ਼ੇਸ਼ ਨਾਗ ਨੂੰ ਕੰਨ ਨਹੀਂ ਦਿੱਤੇ। ਤਾਨ ਸੈਨ ਦੀ ਤਾਨ ਨਾਲ ਤਾਂ ਪਾਣੀ ਅਤੇ ਪਹਾੜ ਵੀ ਡੋਲ ਜਾਂਦੇ ਸਨ।

**ਸੰਗੀਤ ਵਿੱਚ ਤਾਸੀਹ :**

ਸਾਡੇ ਮੱਧਕਾਲ ਦੇ ਕੁਝ ਗਾਇਕਾਂ, ਖਾਸ ਕਰਕੇ ਤਾਨ ਸੈਨ ਅਤੇ ਬੈਜੂ ਬਾਵਰੇ ਹੋਰਾਂ ਬਾਰੇ ਇਹੋ ਜਿਹੀਆਂ ਕਈ ਗੱਲਾਂ ਪ੍ਰਚਲਿਤ ਹਨ ਕਿ ਉਹ ਕਲਾਕਾਰ ਕਾਹਦੇ ਸਨ, ਜਾਦੂਗਰ ਸਨ, ਜਿਨ੍ਹਾਂ ਦਾ ਪੁਰਾਤਨ ਸੰਗੀਤ ਦੀਵਿਆਂ ਨੂੰ ਜਗਾ ਸਕਦਾ ਸੀ। ਜਾਂ ਮੀਂਹ ਵਰ੍ਹਾ ਸਕਦਾ ਸੀ। ਕੁਝ ਬੰਦਿਆਂ ਦੇ ਵਿਸ਼ਵਾਸ਼ ਅਨੁਸਾਰ ਤਾਨ ਸੈਨ ਨੂੰ ਉਸ ਦੇ ਮੁਰਸ਼ਦ ਪੀਰ ਮੁਹੰਮਦ ਗੌਂਸ ਨੇ ਉਸ ਨੂੰ ਆਪਣੀ ਕਰਮਾਤ ਦੁਆਰਾ ਇੱਕ ਵੇਰ ਗਾਉਂਦਾ ਕੁਕਨੂਸ ਪੰਛੀ ਵਿਖਾ ਦਿੱਤਾ ਸੀ। ਜਿਸ ਤੋਂ ਉਸ ਨੇ ਸੁਰ ਮੇਘ ਅਤੇ ਦੀਪਕ ਨਕਲ ਕਰਕੇ, ਉਹਨਾਂ ਨੂੰ ਇੱਕ ਧਰੁਪਦ ਵਿੱਚ ਬੰਨ੍ਹ ਲਿਆ ਸੀ। ਇਹਨਾਂ ਰਾਗਾਂ ਨੂੰ ਉਹ ਫਿਰ ਉਸੇ ਪੰਛੀ ਵਾਂਗ ਗਾਉਂਦਾ ਹੁੰਦਾ ਸੀ, ਜਿਸ ਨਾਲ ਮੀਂਹ ਵਰ੍ਹਨ ਲੱਗ ਜਾਂਦਾ ਸੀ ਜਾਂ ਅੱਗ ਸੁਲਗ ਜਾਂਦੀ ਸੀ। ਸਾਇੰਸ ਦੇ ਇਸ ਜੁਗ ਵਿੱਚ ਕਈ ਬੰਦੇ ਇਹੋ ਜਹੀਆਂ ਗੱਲਾਂ ਵਿੱਚ ਉੱਕਾ ਯਕੀਨ ਨਹੀਂ ਕਰਦੇ।

ਇਸ ਗੱਲ ਬਾਰੇ ਮੈਂ ਕਈ ਵੇਰ ਸੋਚਿਆ ਹੈ ਕਿ ਅਸੀਂ ਅਜਬ ਦੌਰ ਵਿੱਚ ਦੀ ਲੰਘ ਰਹੇ ਹਾਂ। ਅਸੀਂ ਕਿਸੇ ਸਪੇਰੇ ਨੂੰ ਸੱਪ ਕੱਢਦਿਆਂ ਵੇਖਕੇ, ਜਾਂ ਕਿਸੇ ਮਦਾਰੀ ਦੀਆਂ ਦਿਮਾਗੀ ਜਾਂ ਦਸਤੀ ਕਲਾਬਾਜ਼ੀਆਂ ਨੂੰ ਕਿਸੇ ਮਿਸਮਰੇਜ਼ਮ ਵਾਲ਼ੇ ਦੇ ਕ੍ਰਿਸ਼ਮੇ ਵੇਖ ਸੁਣ ਕੇ ਝਟ ਯਕੀਨ ਕਰ ਲੈਂਦੇ ਹਾਂ, ਪਰ ਉਹੋ ਜਹੇ ਬੰਦੇ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਕਮਾਈ ਕੀਤੀ, ਉਹਨਾਂ ਤੇ ਘੋਰ ਸ਼ੱਕ ਕਰਦੇ ਹਾਂ।

ਖੈਰ ਆਪਣੇ ਆਪਣੇ ਵਿਚਾਰ ਹਨ, ਪਰ ਮੈਨੂੰ ਇਸ ਬਾਰੇ ਸ਼ੱਕ ਨਹੀਂ ਹੈ ਕਿਉਂਕਿ ਪੁਰਾਣੇ ਸਮੇਂ ਦੇ ਗਾਇਕ ਨਿਰਾ ਪੁਰਾ ਮਾੜੇ ਮੋਟੇ ਗਵੱਈਏ ਹੀ ਨਹੀਂ ਸਨ, ਸਗੋਂ ਨਾਲ ਨਾਲ ਤਾਂਤ੍ਰਕ ਯੋਗੀ ਵੀ ਸਨ। ਇਸ ਸਮੇਂ ਦੀਆਂ ਸਾਨੂੰ ਕੁਝ ਧਰੁਪਦਾਂ ਐਸੀਆਂ ਵੀ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿੱਚ ਯੋਗ-ਸਿਧੀ ਦੇ ਸਾਧਨ ਦਰਜ ਹਨ। ਮਿਸਾਲ ਵਜੋਂ ਨਾਇਕ ਗੁਪਾਲ ਦਾ ਇੱਕ ਧਰੁਪਦ ਵੇਖੋ, ਜਿਹੜਾ 'ਬਿਹਾਗ' ਰਾਗ ਵਿੱਚ ਹੈ।--

ਸੁਰਤ ਤੋ ਗਿਆਨ ਜੀਵਨ
ਮੁਕਤੀ ਕੋ ਰੂਪ ਸਾਧੇ,
ਤੱਬ ਪਾਵੇ ਗਿਆਨ ਕੋ ਮਰਮ
ਗੁਨੀ ਜਨ ਸੁਨੋ ਪਰਮਾਨ।
ਜੀਵ ਚਿੱਤ ਫਿਰੇ ਤਬ ਚਿੱਤ
ਪਾਵਕ ਮੇਂ ਪਰਵੇਸ਼ ਕਰੇ,
ਦੇਹ ਵਾਯੂ ਕੋ ਲੇ ਜਾਏ,
ਬ੍ਰਹਮ ਗ੍ਰੰਥੀ ਕਰਕੇ ਸਮਾਨ।

ਜੋ ਉਹ ਜਹੇ ਉੱਚੇ ਸੁੱਚੇ ਯੋਗੀਆਂ ਲਈ, ਜਿਨ੍ਹਾਂ ਨੇ ਇਸ ਵਿੱਦਿਆ ਦੀ ਸਾਧਨਾ ਪੂਰਨ ਯੋਗੀਆਂ ਵਾਂਗ ਕੀਤੀ, ਉਹਨਾਂ ਲਈ ਏਹੋ ਜਹੀਆਂ ਗੱਲਾਂ ਕੀ ਔਖੀਆਂ ਹਨ।

ਸਾਡੇ ਇਸ ਦੌਰ ਵਿੱਚ ਵੀ ਏਹੋ ਜਹੀਆਂ ਕੁਝ ਗੱਲਾਂ ਵੇਖਣ ਵਿੱਚ ਆਈਆਂ ਹਨ, ਜਿਨ੍ਹਾਂ ਤੋਂ ਕਈ ਬੰਦਿਆਂ ਦਾ ਸ਼ੱਕ ਜੋ ਪੂਰਾ ਮਿਟਦਾ ਨਹੀਂ, ਤਾਂ ਘੱਟ ਜ਼ਰੂਰ ਜਾਂਦਾ ਹੈ।

ਵੱਧ ਨਹੀਂ ਤਾਂ ਇਨ੍ਹਾਂ ਕਹਾਣੀਆਂ ਦੇ ਅਰਥ ਪ੍ਰਤੀਕ ਰੂਪ ਵਿੱਚ ਜ਼ਰੂਰ ਲਏ ਜਾ ਸਕਦੇ ਹਨ। ਇਝ ਇਹ ਰਾਗ ਦੇ ਜੀਵ ਆਤਮ ਉੱਪਰ ਪ੍ਰਭਾਵ ਤੇ ਤਾਨ ਸੈਨ ਦੀ ਕਲਾ ਨਿਪੁੰਨਤਾ ਦੇ ਚਿੰਨ੍ਹ ਮੰਨੀਆਂ ਜਾ ਸਕਦੀਆਂ ਹਨ।

## ਤਾਨਸੈਨ ਤੇ ਨੁਕਤਾ ਚੀਨੀ:-

ਅਸ਼ੀਰਬਾਦੀ ਲਾਲ ਸ੍ਰੀ ਵਾਸਤਵ, ਆਪਣੀ ਕਿਤਾਬ, 'The Mughal Empire,' ਦੇ ਸਫਾ 552 ਤੇ ਲਿਖਦਾ ਹੈ. According to some Critics Tan Sen falsified the ragas of which two, Hindol and Megh, have disappeared completely since his day.' ਭਾਵ ਇਹ ਕਿ ਉਸਨੇ ਕਈ ਰਾਗਾਂ ਨੂੰ ਵਿਗਾੜਿਆ, ਜਿਨ੍ਹਾਂ ਵਿੱਚੋਂ ਹਿੰਡੋਲ ਅਤੇ ਮੇਘ ਤਾਂ ਉੱਕੇ ਹੀ ਅਲੋਪ ਹੋ ਗਏ ਹਨ।

ਦੱਸਿਆ ਜਾਂਦਾ ਹੈ ਕਿ ਅਕਬਰ ਦੇ ਸਮੇਂ ਇੱਕ ਉਸਤਾਦ ਹੁਸੈਨ ਖਾਂ 'ਤਾਨਤੋੜ' ਦਿੱਲੀ ਵਾਲਾ ਸੀ। ਜਿਸ ਨੇ ਇਹ ਗੱਲ ਧਮਾਉਣ ਦੀ ਕੋਸ਼ਿਸ਼ ਕੀਤੀ ਕਿ ਬੈਜੂ ਬਾਵਰਾ ਉਸਦਾ ਸ਼ਾਗਿਰਦ ਹੈ। ਉਸ ਗਾਇਕ ਨੇ ਤਾਨ ਸੈਨ ਨੂੰ ਸਾਰੀ ਉਮਰ ਹੀ ਨਹੀਂ ਮੰਨਿਆ। ਉਸ ਦਾ ਸਭ ਤੋਂ ਵੱਡਾ ਇਹ ਗਿਲਾ ਸੀ ਕਿ ਇਹ ਗਵੱਈਆ ਕਈ ਰਾਗਾਂ ਨੂੰ ਐਵੇਂ ਵਿਗਾੜੀ ਜਾਂਦਾ ਹੈ। ਦੱਸਦੇ ਹਨ ਕਿ ਇੱਕ ਵੇਰ ਕੁਝ ਸਿਪਾਹੀਆਂ ਨੇ ਉਸਨੂੰ ਇਹ ਗੱਲ ਕਹਿ ਕੇ ਕਿ ਮੀਆਂ ਤਾਨ ਸੈਨ ਕੁਝ ਨਵੇਂ ਰਾਗ ਬਣਾ ਰਹੇ ਹਨ, ਉਸਨੂੰ ਜ਼ਰਾ ਚੁੱਪ ਕਰਾਉਣ ਦਾ ਯਤਨ ਕੀਤਾ। ਅੱਗੋਂ ਉਹ ਉਹਨਾਂ ਨੂੰ ਟੁੱਟ ਕੇ ਪਿਆ:—

"ਕਹੀਂ ਕੀ ਈਂਟ ਕਹੀਂ ਕਾ ਰੋੜਾ।
ਭਾਨਮਤੀ ਨੇ ਕੁਨਬਾ ਜੋੜਾ।

'ਬਸ ਏਹੀ ਤਾਨ ਸੈਨ ਹੈ ਨਾ? ਏਧਰੋਂ ਉਧਰੋਂ ਕੁਝ ਚੀਜ਼ਾਂ ਤੋੜ ਮਰੋੜ ਕੇ, ਕੁਝ ਨਵੀਆ ਚੀਜ਼ਾਂ ਬਣਾ ਲੈਣੀਆਂ।"

ਉਸ ਬਾਰੇ ਕੁਝ ਹੋਰ ਲੋਕੀਂ, ਏਥੋਂ ਤੱਕ ਵੀ ਕਹਿਣ ਲੱਗ ਪਏ ਸਨ:—

ਤਾਨ ਸੈਨ ਕੀ ਤਾਨ ਮੇਂ, ਸਭੀ ਤਾਨ ਗਲਤਾਨ,
ਅਪਨੀ-ਅਪਨੀ ਤਾਨ ਮੇਂ, ਘੁਗ ਵੀ ਮਸਤਾਨ!

ਹੋਰ ਤਾਂ ਹੋਰ ਉਸ ਦੇ ਆਪਣੇ ਗੁਰੂ ਅਤੇ ਕਈ ਹੋਰ ਬੰਦਿਆਂ ਨੂੰ ਤਾਂ ਉਸ ਦੀ ਇਹ ਗੱਲ ਵੀ ਚੰਗੀ ਨਾ ਲੱਗੀ ਜਦੋਂ ਉਸ ਨੇ ਅਕਬਰ ਦਾ ਦਰਬਾਰੀ ਬਣ ਜਾਣਾ ਸਵੀਕਾਰ ਕੀਤਾ। ਮਅਦਨੁਲ ਮੌਸੀਕੀ ਦਾ ਕਰਤਾ ਵੀ ਆਪਣੀ ਕਿਰਤ ਦੇ ਇੱਕੀ ਸਫੇ ਤੇ ਲਿਖਦਾ ਹੈ, 'ਤਾਨ ਸੈਨ ਨੇ ਪੇਸ਼ਿ ਅਕਬਰ ਬਾਦਸ਼ਾਹ ਦਸਤ ਤਮਾਅ ਦਰਾਜ਼ ਕੀਆ ਲਹਿਜ਼ਾ ਹਰ ਤੌਰ ਕਾ ਤਖ਼ਲੁੱਲ ਪੜਾ ਔਰ

ਖਰਾਬੀ ਹੋਰ ਗੌਣਾ ਵਾਕਿਅ ਹੂਈ।' ਵਾਜਦ ਅਲੀ ਸ਼ਾਹ ਨੇ ਤਾਂ ਉਸ ਨੂੰ ਇਸ ਢੌਂ ਵੀ ਚੰਗ ਕਰੜੇ ਸ਼ਬਦਾਂ ਨਾਲ ਨਿੰਦਿਆ।

ਉਸ ਦੇ ਬਣਾਏ ਹੋਏ ਰਾਗਾਂ ਬਾਰੇ, ਇਸ ਸਦੀ ਦਾ ਪੰਜਾਬ ਦਾ ਇੱਕ ਪ੍ਰਸਿੱਧ ਖਿਆਲੀਆ ਬੂਟੇ ਖਾਂ 'ਪ੍ਰੀਤਮ ਸ਼ਾਮ', ਇੰਝ ਕਹਿੰਦਾ ਹੁੰਦਾ ਸੀ, ਤਾਨ ਸੈਨ ਕਿਆ ਹੈ ? ਦਰਬਾਰੀ ਬਣਾਇਆ, ਕਿਆ ਦਰਬਾਰੀ ਹੈ ? ਨਾ ਇਹ ਸਿੰਧੜਾ ਰਿਹਾ, ਨਾ ਕਾਫੀ।'

ਇਸ ਨਾਲੋਂ ਤਾਂ ਪਹਿਲਾਂ 'ਕਰਨਾਟਕੀ' ਹੀ ਅੱਛਾ ਸੀ। 'ਕਰਨਾਟਕੀ' ਤੋਂ ਹੀ ਕਾਨੜ ਬਣਿਆ।

ਉਸ ਦੇ ਦੂਜੇ ਰਾਗ ਵੀ, ਉਸ ਦੇ ਇਹੋ ਜਹੇ ਵਿਚਾਰ ਹੁੰਦੇ ਸਨ, 'ਜੇ ਅੱਜ ਤਾਨ ਸੈਨ ਜੀਉਂਦਾ ਹੁੰਦਾ ਤਾਂ ਅਸੀਂ ਸਵਾਲ ਕਰਦੇ। ਮੀਆਂ ਦੀ ਮਲ੍ਹਾਰ ਹੋ ਹੀ ਨਹੀਂ ਸਕਦੀ। ਉਹ ਸਾਰੀ ਦਰਬਾਰੀ ਹੈ।'

ਏਥੋਂ ਸ਼ਾਮ ਜੀ ਵੀ ਉਖੜ ਗਏ ਲਗਦੇ ਹਨ ਅਤੇ ਕਿਸੇ ਟਪਲੇ ਦਾ ਸ਼ਿਕਾਰ ਹਨ ਕਿਉਂ ਕਿ ਮੀਆਂ ਦੀ ਮਲ੍ਹਾਰ ਤਾਂ ਬਹਾਰ ਨਾਲ ਰਲਦਾ ਮਿਲਦਾ ਹੈ। ਦਰਬਾਰੀ ਨਾਲ ਨਹੀਂ। ਇਨ੍ਹਾਂ ਦੋਹਾਂ ਰਾਗਾਂ ਦਾ ਤਾਂ ਠਾਠ ਹੀ ਉੱਕਾ ਬਦਲ ਜਾਂਦਾ ਹੈ। ਮੀਆਂ ਦੀ ਮਲ੍ਹਾਰ ਦਾ ਠਾਠ ਕਾਫੀ ਹੈ, ਜਦ ਕਿ ਦਰਬਾਰੀ ਦਾ ਠਾਠ ਆਸਾਵਰੀ ਹੈ।

ਹਾਂ ਉਂਜ ਪ੍ਰੀਤਮ ਸ਼ਾਮ ਹੋਰੀਂ ਇਹ ਗਿਲਾ ਕਰ ਸਕਦੇ ਸਨ ਕਿ ਮੀਆਂ ਦੀ ਮਲ੍ਹਾਰ ਵਿੱਚ ਸਾਰੇ ਸੁਰ ਬਹਾਰ ਦੇ ਹਨ। ਬਹਾਰ ਪਿੱਛੇ ਮੀਂਏ ਦੀ ਮਲ੍ਹਾਰ ਜਾਂ ਮਲ੍ਹਾਰ ਪਿੱਛੋਂ ਬਹਾਰ ਗਾਉਣੀ ਗਾਇਕ ਲਈ ਬਹੁਤ ਮੁਸ਼ਕਲ ਪੈ ਜਾਂਦੀ ਹੈ। ਇਹ ਰਾਗ ਇੱਕ ਦੂਜੇ ਵਿੱਚ ਵੜਦੇ ਜਾਪਦੇ ਹਨ ਕਿਉਂਕਿ ਉਹ ਵੀ ਕਾਫ਼ੀ ਠਾਠ ਦਾ ਹੈ ਅਤੇ ਉਹ ਵੀ ਕਾਫੀ ਠਾਠ ਦਾ ਸਿਰਫ ਚਾਲ ਵਿੱਚ ਫਰਕ ਹੈ।

ਪ੍ਰੀਤਮ ਸ਼ਾਮ ਦੇ ਹੀ ਕਥਨ ਅਨੁਸਾਰ, ਉਸ ਕੋਲੋਂ ਮੀਆਂ ਕੀ ਟੋਡੀ ਵੀ ਨਹੀਂ ਬਣੀ। ਉਸ ਨੇ ਪਹਿਲੀ (ਸ਼ੁਧ) ਟੋਡੀ 'ਰੇ ਗਾ, ਰੇ ਸਾ' ਵਿੱਚ ਵਾਧਾ ਕਰਕੇ, ਮੀਆਂ ਕੀ ਟੋਡੀ ਬਣਾ ਦਿੱਤੀ। ਗੁਜਰੀ ਫੇਰ ਓਦਾਂ ਰਹੀ।

ਪੰਜਾਬ ਦੇ ਇੱਕ ਪ੍ਰਸਿੱਧ ਸਾਰੰਦਾ ਨਵਾਜ਼ ਭਾਵੜਾ ਆਜ਼ਮ ਸ਼ਾਹ (ਜਿਸਦੇ ਨਾਂ ਤੇ ਫੀਰੋਜ਼ਪੁਰ ਫਾਜ਼ਲਕਾ ਰੇਲਵੇ ਲਾਈਨ ਦੇ ਦੂਜੇ ਸਟੇਸ਼ਨ ਡੋਢ ਤੋਂ ਡੇਢ੍ਹ ਕੁ ਮੀਲ ਦੀ ਵਿੱਥ ਤੇ, ਇੱਕ ਪਿੰਡ ਵਸਦਾ ਹੈ) ਨੂੰ ਰਾਗ ਦਰਬਾਰੀ ਬਾਰੇ ਇਹ ਗਿਲਾ ਸੀ ਕਿ ਉਸ ਨੂੰ ਇਸ ਵਿੱਚੋਂ ਹਿੰਦੂ ਅੰਗ ਦੀ ਬੂ ਆਉਂਦੀ ਹੈ। ਜਦੋਂ ਇਸ ਰਾਗ ਦਾ ਅਸਲਾ ਹੀ ਹਿੰਦੂ ਹੈ ਅਤੇ ਜਦੋਂ ਬਣਾਉਣ ਵਾਲੇ ਦੀ ਸਾਰੀ ਵਿੱਦਿਆ ਹਿੰਦੂ ਪ੍ਰਥਾ ਮੂਜਬ ਹੋਈ, ਉਦੋਂ ਇਸ ਰਾਗ ਦੀ ਮਹਿਕ ਫਿਰ ਕਿਉਂ ਨਾ ਇਹੋ ਜਹੀ ਹੁੰਦੀ।

ਇਸ ਤਰ੍ਹਾਂ ਨਾਲ ਇਸ ਮਹਾਨ ਗਾਇਕ ਬਾਰੇ ਕਈ ਵੇਰ ਮਾੜਾ ਪਤਲਾ ਵਾਦ ਵਿਵਾਦ ਭੀ ਚਲਦਾ ਰਿਹਾ ਹੈ, ਫਿਰ ਵੀ ਅਸਲ ਗੱਲ ਇਹੀ ਹੈ ਕਿ ਇਨ੍ਹਾਂ ਸਭਨਾਂ ਗੱਲਾਂ ਦੇ ਬਾਵਜੂਦ ਇਸ ਕਲਾਕਾਰ ਦਾ ਰੁਤਬਾ ਬਹੁਤ ਬੁਲੰਦ ਹੈ। ਉਸ ਦੇ ਰਾਗਾਂ ਦੇ ਨਾਲ ਸ਼ਬਦ 'ਮੀਆਂ ਵੀ ਉਸਦੀ ਉਚਤਾ ਵਜੋਂ ਹੀ ਲਾਇਆ ਜਾਂਦਾ ਹੈ।

**ਉਸ ਦੌਰ ਦੇ ਸਰੋਤੇ ;-** ਉਸ ਦੌਰ ਦੇ ਸਰੋਤੇ, ਜਿਹੜੇ ਐਡੇ ਵੱਡੇ ਗਵੱਈਏ ਤੇ ਵੀ ਕਈ ਵੇਰ ਇੰਨੇ ਖੁਸ਼ ਨਹੀਂ ਸਨ ਹੁੰਦੇ, ਆਖਰ ਉਹ ਕਿਹੋ ਜਹ ਸਨ। ਇਸ ਗੱਲ ਵੱਲ ਵੀ ਥੋੜ੍ਹਾ ਜਿਹਾ ਕਿਆਸ ਦੁੜਾਉਣਾ ਚਾਹੀਦਾ ਹੈ।

ਉਦੋਂ ਸਰੋਤਿਆਂ ਦਾ ਪੱਧਰ ਕਿਹੋ ਜਿਹਾ ਸੀ ਇਸ ਦਾ ਅੰਦਾਜ਼ਾ ਸਾਨੂੰ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇੱਕ ਵੇਰ ਅਕਬਰ ਜਦੋਂ ਸ਼ੇਖ ਮੁਬਾਰਕ ਨਾਗਵਰੀ ਨੂੰ ਮਿਲਿਆ ਤਾਂ ਉਸਨੇ ਆਖਿਆ, 'ਮੇਰੇ ਦਰਬਾਰ ਵਿੱਚ ਸੰਗੀਤ ਦੇ ਐਡੇ ਐਡੇ ਉੱਚੇ ਕਲਾਕਾਰ ਹਨ ਕਿ ਜਿਨ੍ਹਾਂ ਦਾ ਕੋਈ ਜਵਾਬ ਹੀ ਨਹੀਂ। ਮੈਂ ਤੁਹਾਨੂੰ ਕਦੇ ਉਨ੍ਹਾਂ ਦਾ ਜਲਵਾ ਜ਼ਰੂਰ ਵਿਖਾਵਾਂਗਾ।'

ਇਸ ਪੁਰ ਸ਼ੇਖ ਨੇ ਉੱਤਰ ਦਿੱਤਾ ਕਿ ਜ਼ਰੂਰ ! ਕੁਝ ਸਮਾਂ ਪਾ ਕੇ ਉਸ ਨੇ ਮੀਆਂ ਤਾਨ ਸੈਨ, ਸ਼ੇਖ ਮੰਜੂ ਅਤੇ ਦੂਜੇ ਹੋਰ ਕਲੌਤਾਂ (ਕਲਾਵੰਤਾਂ) ਨੂੰ ਉਸ ਦੇ ਘਰ ਭੇਜਿਆ, ਤਾਂ ਜੋ ਸ਼ੇਖ ਨੂੰ ਉਹ ਕੁਝ ਸੁਣਾ ਆਉਣ। ਉਹ ਉਥੇ ਪੁੱਜ ਗਏ। ਟਹਿਲ ਸੇਵਾ ਤੋਂ ਬਾਅਦ ਮਹਿਫਲ ਜੰਮ ਗਈ। ਪਹਿਲਾਂ ਮੰਜੂ ਅਤੇ ਦੂਜੇ ਕਲਾਕਾਰਾਂ ਨੇ ਗਾਇਆ, ਪਿੱਛੋਂ ਤਾਨ ਸੈਨ ਦੀ ਵਾਰੀ ਆਈ। ਸ਼ੇਖ ਮੁਬਾਰਕ ਨੇ ਉਸ ਨੂੰ ਮੁਖਾਤਿਬ ਕਰਦਿਆਂ ਕਿਹਾ, 'ਸੁਨੀਦਮ ਤੂੰ ਹਮ ਚੀਜ਼ ਮੇਤਵਾਨੀ ਗੁਫਤ ਅਰਥਾਤ ਸੁਣਿਆ ਹੈ ਕਿ ਤੂੰ ਵੀ ਕੁਝ ਗਾ ਸਕਦਾ ਹੈ।'

ਇਸ ਉੱਪਰ ਮੀਆਂ ਮੁਸਕਰਾ ਪਿਆ ਅਤੇ ਗਾਉਣ ਲੱਗ ਪਿਆ। ਜਦੋਂ ਉਹ ਗਾ ਕੇ ਹਟਿਆ ਤਾਂ ਸ਼ੇਖ ਮੁਬਾਰਕ ਦਾ ਉਸ ਬਾਰੇ ਇਹ ਕਥਨ ਸੀ, ਹਾਂ, ਕੁਝ ਜਾਨਵਰਾਂ ਦੀ ਤਰ੍ਹਾਂ ਬੋਲੀਆ ਬੋਲ ਲੈਂਦੇ ਹੋ।'

ਉਸ ਆਲਮ ਫਕੀਰ ਦਾ ਸੰਗੀਤ ਸੁਆਦ ਕਿੰਨਾ ਪੱਕਾ ਹੋਇਆ ਹੋਵੇਗਾ। ਉਸ ਬੰਦੇ ਦਾ ਸੁਆਦ ਤਾਂ ਆਪੇ ਪੱਕਣਾ ਹੋਇਆ ਜਿਹੜਾ ਬੇਹੂਦਾ ਚਸਕਿਆਂ ਤੋਂ ਉੱਪਰ ਉੱਠ ਕੇ ਸਾਗ ਨਾਲ ਕੇਵਲ ਬਾਜਰੇ ਅਤੇ ਮੱਕੀ ਦੀ ਰੋਟੀ ਖਾਂਦਾ ਸੀ ਅਤੇ ਵੱਧ ਤੋਂ ਵੱਧ ਕਦੀ ਬਾਸਮਤੀ ਦੇ ਚੌਲ।

ਉਸ ਤੋਂ ਛੁੱਟ ਜ਼ਮੀਨ ਖਾਂ, ਕੋਕਾ ਵਰਗੇ ਰਾਗ-ਰਸੀਏ ਵੀ ਇਸ ਦੌਰ ਵਿੱਚ ਸਨ। ਦੱਸਿਆ ਜਾਂਦਾ ਹੈ ਕਿ ਉਸ ਨੇ ਕੁਝ ਨਵੇਂ ਸਾਜ਼ ਵੀ ਈਜਾਦ ਕੀਤੇ ਜਿਨ੍ਹਾਂ ਨੂੰ ਉਹ ਚੰਗੀ ਤਰ੍ਹਾਂ ਵਜਾ ਲੈਂਦਾ ਸੀ। 'ਆਈਨਿ ਅਕਬਰੀ' ਦੇ ਸਫੇ 367 ਤੇ ਉਸ ਦਾ ਜਿਕਰ ਤਾਂ ਜ਼ਰੂਰ ਆਉਂਦਾ ਹੈ, ਪਰ ਉਸ ਦੇ ਸਾਜ਼ਾਂ ਦੀ ਕਾਢ ਬਾਰੇ ਅਬੁਲ ਫਜ਼ਲ ਉੱਕਾ ਚੁੱਪ ਹੈ।

**ਕਲਾਕਾਰ ਦਾ ਅੰਤ**-ਇਹ ਮਹਾਨ ਕਲਾਕਾਰ 1562 ਤੋਂ ਲੈਕੇ ਆਪਣੇ ਆਖਰੀ ਦਮ ਤੱਕ ਅਕਬਰ ਦੇ ਦਰਬਾਰ ਵਿੱਚ ਰਿਹਾ। ਆਖਰ ਕਾਲ ਆ ਗਿਆ। ਅਬੁਲ ਫਜ਼ਲ ਦੇ ਕਥਨ ਅਨੁ-ਸਾਰ 'ਚੂੰ ਫਿਤਰਤਿ ਮੁਸਤਕੀਮ ਵਾ ਜੋਹਰ ਕਾਬਲ ਦਾਸ਼ਤ ਬਾ ਦਾਮ ਮੁਲਾਜ਼ਮਤ ਵਾ ਹਜ਼ੂਰ ਬਿਸਾਤਿ ਨਿਸ਼ਾਤਿ ਸ਼ਹਿਨਸ਼ਾਹੀ ਤਰਤੀਬ ਯਾਫਤ।' ਅਪ੍ਰੈਲ ਦੀ 22 ਤਾਰੀਖ ਨੂੰ 1589 ਵਿੱਚ ਇਸ ਮਹਾਨ ਕਲਾਕਾਰ ਦੀ ਦਿੱਲੀ ਵਿੱਚ ਮੌਤ ਹੋ ਗਈ। ਉਸ ਦੀ ਵਸੀਅਤ ਅਨੁਸਾਰ ਉਸ ਨੂੰ ਉਸਦੇ ਆਪਣੇ ਪੀਰੋ ਮੁਰਸ਼ਦ ਦੇ ਮਜ਼ਾਰ ਦੇ ਲਾਗੇ ਗਵਾਲੀਅਰ ਵਿੱਚ ਦਫਨਾਇਆ ਗਿਆ। ਉਸ ਦੇ ਮਜ਼ਾਰ ਤੇ ਇੱਕ ਤਖਤੀ ਜਿਹੜੀ ਮਹਿਕਮਾ ਅਸਾਰਿ ਕਦੀਮਾ ਨੇ ਲਾਈ ਹੋਈ ਹੈ, ਉਸ ਉੱਤੇ ਇਹ ਵਾਕ ਦਰਜ਼ ਹਨ, 'ਤਾਨ ਸੈਨ ਕੋ ਗਵਈਏ ਇਲਮਿ ਮੌਸੀਕੀ ਕਾ ਬਾਦਸ਼ਾਹ ਯਾ ਨਬੀ ਗਰਦਾਨਤੇ ਹੈਂ। ਆਪ ਨੇ ਇਲਮਿ ਮੌਸੀਕੀ ਕੀ ਤਾਲੀਮ ਗਵਾਲੀਅਰ ਕੇ ਮਦਰਸਾ ਮੌਸੀਕੀ ਮੇਂ ਹਾਸਲ ਕੀ। ਯੇ ਮਦਰਸਾ ਰਾਜਾ ਮਾਨ ਸਿੰਘ ਤਨਵਰ (ਤੋਮੜ) ਨੇ ਕਾਇਮ ਕੀਆ ਥਾ।

ਕੁੱਛ ਅਰਸੇ ਤੱਕ ਆਪ ਰਿਆਸਤ ਰੀਵਾ ਕੇ ਰਾਜਾ ਰਾਮ ਚੰਦਰ ਕੇ ਦਰਬਾਰ ਮੇਂ ਰਹੇ। ਜਿਨ ਸੇ ਬਾਦਸ਼ਾਹ ਅਕਬਰ ਨੇ ਆਪ ਕੋ ਮਾਂਗ ਲੀਆ। ਦਰਬਾਰ ਅਕਬਰ ਕੇ ਨੌ ਰਤਨੋਂ ਮੇਂ ਆਪ ਬਹੁਤ ਮੁਮਤਾਜ਼ ਥੇ। ਕਹਿਤੇ ਹੈਂ ਕਿ ਆਪ ਸੇ ਅੱਛਾ ਗਵੱਈਆ ਹਿੰਦੁਸਤਾਨ ਮੇਂ ਆਜ ਤੱਕ ਨਹੀਂ ਹੂਆ।'

ਉਸਦੇ ਮਜ਼ਾਰ ਤੇ ਹਰ ਸਾਲ ਅੱਜ ਵੀ ਉਰਸ ਲੱਗਦਾ ਹੈ ਅਤੇ ਦੇਸ਼ ਭਰ ਦੇ ਗੱਵਈਏ ਇਸ ਥਾਂ ਜ਼ਿਆਰਤ ਨੂੰ ਆਉਂਦੇ ਹਨ। ਇੱਥੇ ਇੱਕ ਇਮਲੀ ਦਾ ਰੁੱਖ ਹੈ, ਜਿਸ ਦੇ ਪੱਤੇ ਜਾਂ ਮਾੜੀਆਂ ਪਤਲੀਆਂ ਟਹਿਣੀਆਂ ਵੀ ਕਈ ਗੱਵਈਏ ਇਸ ਲਈ ਖਾਂਦੇ ਹਨ ਤਾਂ ਜੋ ਇਸ ਗਾਇਕ ਦੀ ਅਸ਼ੀਰਬਾਦ ਸਦਕਾ, ਉਹਨਾਂ ਦ ਗਲ ਵਿੱਚ ਵੀ ਮਧੁਰਤਾ ਭਰ ਜਾਏ।

ਅਕਬਰੀ ਦੌਰ ਦੇ ਇਸ ਮਹਾਨ ਗਾਇਕ ਦਾ ਜੀਵਨ ਅੱਜ ਤੱਕ ਅਤਿਅੰਤ ਧੁੰਦ ਵਿੱਚ ਲਿਪਟਿਆ ਰਿਹਾ ਹੈ। ਉਸ ਦੇ ਸਮਕਾਲੀ ਲੇਖਕਾਂ ਨੇ ਸਾਡੇ ਵਾਸਤੇ ਐਨਾ ਕੁਝ ਪਿੱਛੇ ਨਹੀਂ ਛੱਡਿਆ, ਜਿਸ ਨਾਲ ਹਰੇਕ ਤਰ੍ਹਾਂ ਦੇ ਪਾਠਕਾਂ ਦੇ ਸ਼ੰਕੇ ਦੂਰ ਹੋ ਸਕਣ। ਇਸ ਲਈ ਹੁਣ ਦੇ ਦੌਰ ਦੇ ਖੋਜਕਾਰਾਂ ਦੇ ਕਦਮ ਪੈਰ-ਪੈਰ ਤੇ ਡਗਮਗਾਉਣੇ ਇੱਕ ਕੁਦਰਤੀ ਜਿਹੀ ਗੱਲ ਹੈ। ਫਿਰ ਵੀ ਸਾਨੂੰ ਖੁਸ਼ੀ ਹੈ ਕਿ ਸਾਡੇ ਦੇਸ਼ ਦੇ ਇੱਕ ਦੋ ਵਿਅਕਤੀਆਂ ਨੇ ਸਾਡੇ ਸੰਗੀਤ ਦੇ ਇਸ ਕੰਮ ਬਾਰੇ ਥੋੜ੍ਹਾ ਬਹੁਤ ਕੰਮ ਕੀਤਾ ਹੈ। ਸਾਨੂੰ ਐਨੇ ਨਾਲ ਸੰਤੁਸ਼ਟ ਨਹੀਂ ਰਹਿਣਾ ਚਾਹੀਦਾ: ਸਾਨੂੰ ਚਾਹੀਦਾ ਹੈ ਕਿ ਉਸ ਬਾਰੇ ਹੋਰ ਭਰਪੂਰ ਖੋਜ ਕਰੀਏ ਜਿਸ ਨਾਲ ਉਸ ਮਹਾਨ ਸੰਗੀਤਗ ਦੇ ਵਿਅਕਤਿਤਵ ਨਾਲ ਪੂਰਾ ਇਨਸਾਫ ਹੋ ਸਕੇ।

ਉਸ ਬਾਰੇ ਹੁਣ ਤੱਕ ਮਸਾਂ ਇੱਕ ਦੋ ਕਿਰਤਾਂ ਹੀ ਮਿਲਦੀਆਂ ਹਨ, ਉਹ ਵੀ ਦੂਰ ਦੁਰਾਡੇ ਜਾਂ ਦੇਸ਼ ਵਿਦੇਸ਼ਾਂ ਦੇ ਕੁਝ ਕੁ ਵੱਡੇ ਪੁਸਤਕਾਲਿਆਂ ਵਿੱਚ ਉਹਨਾਂ ਵਿੱਚੋਂ 'ਤਾਨ ਸੈਨ ਕੇ ਹਾਲਾਤ,' ਉਰਦੂ ਦੀ ਇੱਕ ਕਿਤਾਬ ਮੁਹੰਮਦ ਦੀਨ ਫੌਕ ਨੇ ਲਿਖੀ ਸੀ, ਜਿਹੜੀ ਬ੍ਰਿਟਸ ਮਿਊਜ਼ੀਅਮ ਵਿੱਚ ਵੀ ਨਹੀਂ ਹੈ। ਉਸ ਤੋਂ ਛੁੱਟ ਉਸ ਸਮੇਂ ਦੀਆਂ ਹਿੰਦੀ ਅਤੇ ਸੰਸਕ੍ਰਿਤ ਆਦਿ ਕਿਰਤਾਂ ਵਿੱਚ ਵੀ ਉਸ ਬਾਰੇ ਮਾੜਾ ਜਿਹਾ ਜਿਕਰ ਮਿਲ ਜਾਂਦਾ ਹੈ। 'ਸੰਗੀਤ ਸਮਰਾਟ ਤਾਨ ਸੈਨ ਪ੍ਰਭੂ ਦਿਆਲ ਮਿੱਤਲ ਅਤੇ ਠਾਕਰ ਜੈਦੇਵ ਸਿੰਘ ਇਹਨਾਂ ਦੋਹਾਂ ਨੇ ਵੀ ਪਿੱਛੇ ਜਹੇ ਕਿਤਾਬਚੇ ਜਹੇ ਛਾਪੇ ਸਨ, ਪਰ ਪਰਦੇਸ ਵਿਚ ਬੇਬਸੀ ਦੀ ਹਾਲਤ ਵਿੱਚ ਮੈਂ ਇਹਨਾਂ ਦੇ ਅਧਿਐਨ ਤੋਂ ਵਾਂਝਾ ਰਿਹਾ ਹਾਂ।

**ਕਲਾਕਾਰ ਦਾ ਬੰਸ**— ਮੀਆਂ ਤਾਨ ਸੈਨ ਦੇ ਘਰ ਚਾਰ ਪੁੱਤਰਾਂ ਅਤੇ ਇਕ ਧੀ ਨੇ ਜਨਮ ਲਿਆ ਜਿਨ੍ਹਾਂ ਦੇ ਨਾਂ ਸੂਰਤ ਸੈਨ, ਤਰੰਗ ਸੈਨ, ਬਿਲਾਸ ਖਾਂ ਅਤੇ ਸਰਸਵਤੀ ਸਨ। ਉਸ ਦੀ ਮੌਤ ਪਿਛੋਂ ਉਸ ਦੇ ਪਰਿਵਾਰ ਨੇ ਉਸ ਦਾ ਨਾਂ ਜਿਊਂਦਾ ਰੱਖਿਆ। ਕਲਕੱਤਾ ਨਿਵਾਸੀ ਮਹਾਨ ਉਸਤਾਦ ਦਬੀਰ ਖਾਂ ਬੀਨਕਾਰ, ਜਿਸ ਦੀ ਪਿਛਲੇ ਸਾਲ ਹੀ ਮੌਤ ਹੋਈ, ਸਿੱਧਾ ਇਸ ਬੰਸ ਵਿੱਚੋਂ ਹੀ ਸੀ।

ਉਸ ਦੀ ਬੰਸ ਪਰੰਪਰਾ ਪਿੱਛੋਂ ਜਾ ਕੇ ਸੈਨੀ ਸਦਵਾਈ ਅਤੇ ਦੋ ਸ਼ਰੇਣੀਆਂ ਬੀਨਕਾਰ ਅਤੇ ਰਬਾਬੀਆਂ ਵਿੱਚ ਵੰਡੀ ਗਈ। ਕਿਉਂਕਿ ਉਸਦਾ ਪੱਤਰ ਬਿਲਾਸ ਖਾਂ, ਓਸ ਸਮੇਂ ਦਾ ਇੱਕ ਪ੍ਰਸਿੱਧ ਰਬਾਬੀ ਸੀ, ਉਹ ਰਬਾਬੀਏ ਅਖਵਾਈ ਅਤੇ ਉਸਦੀ ਪੁੱਤਰੀ ਆਪਣੇ ਸਮੇਂ ਦੀ ਇੱਕ ਮਹਾਨ ਬੀਨਕਾਰ ਹੋਣ ਕਾਰਨ ਜਿਹੜਾ ਬੰਸ ਉਧਰੋਂ ਤੁਰਿਆ ਬੀਨਕਾਰ ਸਦਵਾਇਆ

—0—

# ਸੁਰ ਅਤੇ ਤਾਲ

—ਗੁਰਮੀਤ ਸਿੰਘ

ਦੁਨੀਆਂ ਦੀਆਂ ਪੰਜਾਂ ਸੂਖ਼ਮ ਕਲਾਵਾਂ ਵਿੱਚੋਂ ਸੰਗੀਤ ਕਲਾ ਇੱਕ ਪ੍ਰਸਿੱਧ ਸੂਖਮ ਕਲਾ ਹੈ। ਸਿਆਣਿਆਂ ਪੁਰਸ਼ਾਂ ਨੇ ਸੰਗੀਤ ਕਲਾ ਨੂੰ ਰੂਹ ਦੀ ਖ਼ੁਰਾਕ ਵੀ ਕਿਹਾ ਹੈ ਕਿਉਂਕਿ ਸੰਗੀਤ ਦਾ ਜਾਦੂ ਸਿੱਧੇ ਤੌਰ ਤੇ ਰੂਹ ਤੇ ਅਸਰ ਕਰਦਾ ਹੈ। ਸਭ ਤਰ੍ਹਾਂ ਦੀਆਂ ਲਲਿਤ ਕਲਾਵਾਂ ਵਿੱਚੋਂ ਸੰਗੀਤ ਕਲਾ ਨੂੰ ਉੱਚ ਸਥਾਨ ਪ੍ਰਾਪਤ ਹੈ। ਸੰਗੀਤ ਸਾਨੂੰ ਰੁਆ ਸਕਦਾ ਹੈ, ਹਸਾ ਸਕਦਾ ਹੈ, ਮਨ ਵਿੱਚ ਆਨੰਦ ਜਾਂ ਪੀੜਾ ਦਾ ਸੰਚਾਰ ਕਰ ਸਕਦਾ ਹੈ। ਜਿਵੇਂ ਹੋਰਨਾਂ ਸੂਖਮ ਕਲਾਵਾਂ ਦੇ ਪ੍ਰਗਟਾਉਣ ਦੇ ਆਪਣੇ ਆਪਣੇ ਆਧਾਰ ਹਨ ਉਸੇ ਤਰ੍ਹਾਂ ਸੰਗੀਤ ਦਾ ਆਧਾਰ ਸੱਤ ਸੁਰ ਹਨ। ਇਹਨਾ ਸੱਤਾਂ ਸੁਰਾ (ਸ, ਰ, ਗ, ਮ, ਪ, ਧ, ਨੀ) ਨੂੰ ਖ਼ਾਸ ਤਰਤੀਬ ਵਿੱਚ ਬੰਨ੍ਹ ਕੇ ਅਸੀਂ ਸੰਗੀਤ ਪੈਦਾ ਕਰ ਸਕਦੇ ਹਾਂ।

ਇਸ ਹਥਲੇ ਨਿਬੰਧ ਵਿੱਚ ਅਸੀਂ ਸੰਗੀਤ ਕਲਾ ਦੇ ਖੇਤਰ ਵਿੱਚ ਸੁਰ ਅਤੇ ਤਾਲ ਬਾਰੇ ਚਰਚਾ ਕਰਨੀ ਚਾਹਾਂਗੇ।

ਸੁਰ ਸੰਗੀਤ ਦਾ ਆਧਾਰ ਹੈ। ਸੁਰ ਆਦਿ ਕਾਲ ਤੋਂ ਅਨੰਤ ਕਾਲ ਤੱਕ ਹਮੇਸ਼ਾਂ ਅਮਰ ਹੈ। ਭਾਰਤੀ ਲੋਕ ਕਥਾ ਵਿੱਚ ਇੱਕ ਥਾਂ ਜ਼ਿਕਰ ਆਉਂਦਾ ਹੈ ਕਿ ਇੱਕ ਵੇਰਾਂ ਦੇਵਤਿਆਂ ਨੇ ਵਿਸ਼ਣੂ ਅੱਗੇ ਪ੍ਰਾਰਥਨਾ ਕੀਤੀ ਕਿ ਹੇ ਭਗਵਾਨ! ਅਸੀਂ ਅਸੁਰਾਂ ਦੇ ਹੱਥੋਂ ਬਹੁਤ ਪਰੇਸ਼ਾਨ ਹਾਂ। ਅਸੁਰ ਰਾਖਸ਼ਸ ਸਾਨੂੰ ਮਾਰ ਮੁਕਾਈ ਜਾ ਰਹੇ ਹਨ ਤਾਂ ਭਗਵਾਨ ਨੇ ਜੁਆਬ ਦਿੱਤਾ ਕਿ ਸੰਗੀਤ ਸਿੱਖੋ ਕਿਉਂਕਿ ਸੰਗੀਤ ਵਿਚਲੀਆਂ ਸੱਤ ਸੁਰਾਂ ਅਨੰਤ ਕਾਲ ਤੱਕ ਅਮਰ ਹਨ। ਜੋ ਸੁਰਾਂ ਵਿੱਚ ਲੀਨ ਹੋ ਜਾਵੇਗਾ, ਉਹ ਅਮਰ ਹੋ ਜਾਵੇਗਾ।

ਕਈ ਲੋਕ ਸੰਗੀਤ ਸਿੱਖਣ ਦਾ ਸ਼ੌਕ ਤਾਂ ਬਹੁਤ ਰੱਖਦੇ ਹਨ ਪਰ ਉਹ ਸੁਰ ਦੀ ਮਹਤੱਤਾ ਵੱਲ ਧਿਆਨ ਨਹੀਂ ਦਿਦੇ। ਕਿਉਂਕਿ ਜਦੋਂ ਤਕ ਅਸੀਂ ਲਗਾਤਾਰ ਰਿਆਜ਼ ਨਹੀਂ ਕਰਦੇ, ਅਭਿਆਸ ਨਹੀਂ ਕਰਦੇ, ਸੁਰ ਨਹੀਂ ਸਾਧਿਆ ਜਾ ਸਕਦਾ। ਸੁਰ ਦੀ ਸਾਧਨਾ ਵਾਸਤੇ ਦਿਨਾ ਜਾਂ ਮਹੀਨਿਆਂ ਦਾ ਨਹੀਂ, ਸਗੋਂ ਵਰ੍ਹਿਆਂ ਦਾ ਅਭਿਆਸ ਲੋੜੀਂਦਾ ਹੈ। ਬਹੁਤ ਸਾਰੇ ਸੱਜਣ ਥੋੜ੍ਹਾ ਜਿਹਾ ਸੰਗੀਤ ਸਿੱਖ ਲੈਣ ਤੋਂ ਬਾਅਦ ਆਪਣੇ-ਆਪ ਨੂੰ ਬਹੁਤ ਹੀ ਮਾਅਰਕੇ ਦਾ ਸੰਗੀਤਕਾਰ ਸਮਝਣ ਲੱਗ ਜਾਂਦੇ ਹਨ ਜਦੋਂਕਿ ਉਹਨਾਂ ਨੂੰ ਅਜੇ ਸੁਰ ਦੀ ਸੂਝ ਵੀ ਨਹੀਂ ਹੁੰਦੀ, ਅਤਿ ਬੇਸੁਰਾ ਗਾਉਂਦੇ ਹਨ ਅਤੇ ਜੇਕਰ ਕੋਈ ਦੱਸਣ ਦੀ ਕੋਸ਼ਿਸ਼ ਕਰੇ ਤਾਂ ਗਿਲਾ ਕਰਦੇ ਹਨ, ਭਾਈ ਤੂੰ ਮੇਰੇ ਤੇ ਵਿਅੰਗ ਕਰਦਾ ਹੈ। ਸ਼ੁਕਰਗੁਜ਼ਾਰ ਨਹੀਂ ਹੁੰਦੇ ਕਿ ਕਿਸੇ ਨੇ ਮੱਤ ਦਿੱਤੀ ਹੈ। ਕਿਉਂਕਿ ਉਹ ਨਹੀਂ ਜਾਣਦੇ ਹਨ ਕਿ

ਸੁਰ ਦਾ ਅਰਥ ਦੇਵਤਾ ਹੈ ਅਤੇ
ਅਸੁਰ ਦਾ ਅਰਥ ਰਾਖਸ਼ੀ ਮੱਤ ਹੁੰਦਾ ਹੈ।

ਸਾਡਾ ਇਹ ਪਰਮ ਕਰਤੱਵ ਬਣਦਾ ਹੈ ਕਿ ਜੇਕਰ ਸਾਡਾ ਸੰਗੀਤ ਸਿੱਖਣ ਦਾ ਖ਼ਿਆਲ ਹੈ, ਜੇਕਰ ਅਸੀਂ ਕਿਸੇ ਸਟੇਜ ਉਤੇ ਜਾਂ ਸੰਗਤ ਵਿੱਚ ਕੋਈ ਪੇਸ਼ਕਾਰੀ ਕਰਨੀ ਹੈ ਤਾਂ ਸੁਰ ਵੱਲ ਖ਼ਾਸ

ਧਿਆਨ ਦੇਈਏ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਸੰਗੀਤ ਬਾਰੇ ਉਚਿਤ ਸਿੱਖਿਆ ਹਾਸਿਲ ਕਰਨ ਦਾ ਹੀਲਾ ਕਰੀਏ। ਇਸ ਵਾਸਤੇ ਨੇਮਬਧ ਰਿਆਜ਼ ਕੀਤਾ ਜਾਵੇ ਤਾਂ ਜੋ ਗਲੇ ਵਿੱਚ ਸੁਰ ਸ਼ਕਤੀ ਪੈਦਾ ਹੋ ਸਕੇ। ਜਿੱਥੇ ਸੁਰ ਸਾਧਨਾ ਵਾਸਤੇ ਰਿਆਜ਼ ਅਤੇ ਠੀਕ ਨਿਰਦੇਸ਼ਨ ਜ਼ਰੂਰੀ ਹੈ ਉਥੇ ਇੱਕ ਗਾਇਕ ਨੂੰ ਖਾਣ-ਪੀਣ ਵੱਲ ਵੀ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇੱਕ ਗਾਇਕ ਨੂੰ ਸਾਦੀ ਅਤੇ ਪੌਸ਼ਟਿਕ ਖੁਰਾਕ ਲੈਣੀ ਚਾਹੀਦੀ ਹੈ। ਬਜ਼ਾਰੀ ਚੀਜ਼ਾ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਸੁਰ ਦੇ ਵਰਣਨ ਉਪਰੰਤ ਮੈਂ "ਤਾਲ" ਬਾਰੇ ਵੀ ਕੁਝ ਚਰਚਾ ਕਰਨ ਦੀ ਇੱਛਾ ਕਰਾਂਗਾ। ਤਾਲ ਤੋਂ ਭਾਵ ਸਗੀਤ ਵਿਚਲੀ ਨਿਸ਼ਚਿਤ ਗਤੀ ਹੈ। ਜਦੋਂ ਕੋਈ ਵਾਦਕ ਕੋਈ ਸਾਜ਼ ਵਜਾ ਰਿਹਾ ਹੋਵੇ ਜਾਂ ਕੋਈ ਗਾਇਕ ਗਾ ਰਿਹਾ ਹੋਵੇ ਤਾਂ ਉਸ ਨੂੰ ਤਾਲ ਦੇ ਸਾਥ ਦੀ ਲੋੜ ਪੈਂਦੀ ਹੈ ਕਿਉਂਕਿ ਤਾਲ ਹੀ ਸੰਗੀਤ ਵਿਚਲੀ ਲੈਅ ਨੂੰ ਬੰਨ੍ਹ ਕੇ ਰੱਖਦਾ ਹੈ। ਇਥੋਂ ਤੱਕ ਕਿ ਉਸਤਾਦ ਲੋਕ ਤਾਲ ਨੂੰ ਤਰਾਜੂ ਦੀ ਸੰਗਿਆ ਵੀ ਦੇਂਦੇ ਹਨ। ਕਿਉਂਕਿ ਤਾਲ ਦੁਆਰਾ ਹੀ ਕਿਸੇ ਗਾਇਕ ਜਾਂ ਵਜੰਤਰੀ ਦੀ ਕਲਾ ਨੂੰ ਪਰਖਿਆ ਜਾ ਸਕਦਾ ਹੈ।

ਭਾਰਤੀ ਸ਼ਾਸਤਰੀ ਸੰਗੀਤ ਵਿੱਚ ਜਾਂ ਗੁਰਮਤਿ ਸੰਗੀਤ ਪੱਧਤੀ ਵਿੱਚ ਬਹੁਤ ਤਰ੍ਹਾਂ ਦੇ ਤਾਲਾਂ ਬਾਰੇ ਵਰਨਣ ਮਿਲਦਾ ਹੈ ਜਿਸ ਵਿੱਚੋਂ ਕੁਝ ਤਾਲ ਅਤਿ ਸਧਾਰਨ ਕੋਟੀ ਦੇ ਹਨ ਜਿਨ੍ਹਾਂ ਨੂੰ ਵਜਾਉਣਾ ਸੌਖਾ ਹੈ ਅਤੇ ਉਸ ਸੰਬੰਧਿਤ ਤਾਲ ਵਿੱਚ ਗਾਉਣਾ ਵੀ ਆਸਾਨ ਹੈ। ਇਹਨਾਂ ਤਾਲਾਂ ਵਿੱਚ ਤਿੰਨ ਤਾਲ (ਸੋਲ੍ਹਾ ਮਾਤਰਾਵਾਂ), ਕੈਹਰਵਾ (8 ਮਾਤਰਾਵਾਂ), ਰੂਪਕ (7 ਮਾਤਰਾਵਾਂ) ਅਤੇ ਦਾਦਰਾ (6 ਮਾਤਰਾਵਾਂ) ਗਾਉਣ ਅਤੇ ਵਜਾਉਣ ਵਿੱਚ ਅਤਿ ਸਰਲ ਹਨ। ਕੁਝ ਤਾਲ ਮਸਲਨ, ਪੰਜ ਤਾਲ ਸੁਆਰੀ, ਝੱਪ ਤਾਲ, ਇੱਕ ਤਾਲ (ਵਿਲੰਬਤ) ਅਤੇ ਧਾਮਾਰ ਆਦਿ ਗਾਉਣ ਵਿੱਚ ਕਾਫੀ ਕਠਨ ਹਨ। ਇਹਨਾਂ ਨੂੰ ਗਾਉਣ ਵਾਸਤੇ ਗਾਇਕ ਨੂੰ ਬੜੀ ਤਿੱਖੀ ਸੁਰਤੀ ਦੀ ਲੋੜ ਹੁੰਦੀ ਹੈ। ਇਹ ਤਾਲ ਸਹਿਜ ਸੁਭਾਅ ਨਹੀਂ ਗਾਏ ਜਾ ਸਕਦੇ। ਬੜੇ ਜ਼ਿਆਦਾ ਅਭਿਆਸ ਤੋਂ ਬਾਅਦ ਇਹ ਤਾਲ ਪਕੜ ਵਿੱਚ ਆਉਂਦੇ ਹਨ।

ਸਿਆਣੇ ਗਾਇਕ ਜਾਂ ਉਸਤਾਦ ਲੋਕਾਂ ਦਾ ਕਥਨ ਹੈ ਕਿ ਇੱਕ ਬੇਸੁਰਾ ਵਿਅਕਤੀ ਤਾਂ ਮੁਆਫ਼ ਕੀਤਾ ਜਾ ਸਕਦਾ ਹੈ ਪਰ ਬੇਤਾਲਾ ਵਿਅਕਤੀ ਮੁਆਫ਼ ਕਰਣ ਯੋਗ ਨਹੀਂ। ਕਿਉਂਕਿ ਸੁਰ ਜਾਂ ਗਲਾ ਕੁਦਰਤੀ ਦੇਣ ਹੈ ਪਰ ਤਾਲ ਸਿੱਖਣ ਵਾਲੀ ਚੀਜ਼ ਹੈ। ਇਸ ਕਰਕੇ ਜੋ ਲੋਕ ਸੰਗੀਤ ਬਾਰੇ ਸ਼ੌਕ ਰਖ਼ਦੇ ਹਨ, ਗਾਉਣ ਦਾ ਸ਼ੌਕ ਜਾਂ ਕੀਰਤਨ ਕਰਨ ਦੀ ਇੱਛਾ ਹੈ, ਉਨ੍ਹਾਂ ਵਾਸਤੇ ਜ਼ਰੂਰੀ ਬਣਦਾ ਹੈ ਕਿ ਉਹ ਕਿਸੇ ਪਰਬੀਨ ਅਧਿਆਪਕ ਕੋਲੋਂ ਤਾਲ ਸਿੱਖਿਆ ਪ੍ਰਾਪਤ ਕਰਨ ਤਾਂ ਕਿ ਉਨ੍ਹਾਂ ਦੀ ਕਲਾ ਵਿੱਚ ਸੁਹਜ ਪੈਦਾ ਹੋ ਸਕੇ ਅਤੇ ਕਲਾ ਵਿੱਚ ਆਨੰਦ ਦੀ ਉਤਪਤੀ ਹੋ ਸਕੇ।

ਅੰਤ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਸੰਗੀਤ ਵਿੱਚ ਤਾਲ ਅਤੇ ਸੁਰ ਅਤਿ ਅਵੱਸ਼ਕ ਅੰਗ ਹਨ। ਇਹਨਾਂ ਦੋਹਾਂ ਦੇ ਯੋਗ ਸੁਮੇਲ ਰਾਹੀਂ ਹੀ ਅਲੌਕਿਕ ਵਿਸਮਾਦੀ ਅਨੰਦ ਪੈਦਾ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਇਹਨਾਂ ਦੀ ਠੀਕ ਵਰਤੋਂ ਨਹੀਂ ਕਰਦੇ ਤਾਂ ਫਿਰ ਡਾ. ਹਰਿਭਜਨ ਸਿੰਘ ਦੇ ਮੁਤਾਬਿਕ ਇਹੀ ਕਹਾਂਗਾ ਕਿ ਕੀਰਤਨ ਦੀ ਭੀੜ ਹੈ ਪਰ ਸੰਗੀਤ ਦਾ ਚਿਹਰਾ ਨਹੀਂ ਦਿਸਦਾ।

—0—

# ਸੁਰ ਅਤੇ ਤਾਲ

—ਗੁਰਮੀਤ ਸਿੰਘ

ਦੁਨੀਆਂ ਦੀਆਂ ਪੰਜਾਂ ਸੂਖਮ ਕਲਾਵਾਂ ਵਿੱਚੋਂ ਸੰਗੀਤ ਕਲਾ ਇੱਕ ਪ੍ਰਸਿੱਧ ਸੂਖਮ ਕਲਾ ਹੈ। ਸਿਆਣਿਆਂ ਪੁਰਸ਼ਾਂ ਨੇ ਸੰਗੀਤ ਕਲਾ ਨੂੰ ਰੂਹ ਦੀ ਖੁਰਾਕ ਵੀ ਕਿਹਾ ਹੈ ਕਿਉਂਕਿ ਸੰਗੀਤ ਦਾ ਜਾਦੂ ਸਿੱਧੇ ਤੌਰ ਤੇ ਰੂਹ ਤੇ ਅਸਰ ਕਰਦਾ ਹੈ। ਸਭ ਤਰ੍ਹਾਂ ਦੀਆਂ ਲਲਿਤ ਕਲਾਵਾਂ ਵਿੱਚੋਂ ਸੰਗੀਤ ਕਲਾ ਨੂੰ ਉੱਚ ਸਥਾਨ ਪ੍ਰਾਪਤ ਹੈ। ਸੰਗੀਤ ਸਾਨੂੰ ਰੁਆ ਸਕਦਾ ਹੈ, ਹਸਾ ਸਕਦਾ ਹੈ, ਮਨ ਵਿੱਚ ਆਨੰਦ ਜਾਂ ਪੀੜਾ ਦਾ ਸੰਚਾਰ ਕਰ ਸਕਦਾ ਹੈ। ਜਿਵੇਂ ਹੋਰਨਾਂ ਸੂਖਮ ਕਲਾਵਾਂ ਦੇ ਪ੍ਰਗਟਾਉਣ ਦੇ ਆਪਣੇ ਆਪਣੇ ਆਧਾਰ ਹਨ ਉਸੇ ਤਰ੍ਹਾਂ ਸੰਗੀਤ ਦਾ ਆਧਾਰ ਸੱਤ ਸੁਰ ਹਨ। ਇਹਨਾ ਸੱਤਾਂ ਸੁਰਾ (ਸ, ਰ, ਗ, ਮ, ਪ, ਧ, ਨੀ) ਨੂੰ ਖ਼ਾਸ ਤਰਤੀਬ ਵਿੱਚ ਬੰਨ੍ਹ ਕੇ ਅਸੀਂ ਸੰਗੀਤ ਪੈਦਾ ਕਰ ਸਕਦੇ ਹਾਂ।

ਇਸ ਹਥਲੇ ਨਿਬੰਧ ਵਿੱਚ ਅਸੀਂ ਸੰਗੀਤ ਕਲਾ ਦੇ ਖੇਤਰ ਵਿੱਚ ਸੁਰ ਅਤੇ ਤਾਲ ਬਾਰੇ ਚਰਚਾ ਕਰਨੀ ਚਾਹਾਂਗੇ।

ਸੁਰ ਸੰਗੀਤ ਦਾ ਆਧਾਰ ਹੈ। ਸੁਰ ਆਦਿ ਕਾਲ ਤੋਂ ਅਨੰਤ ਕਾਲ ਤੱਕ ਹਮੇਸ਼ਾਂ ਅਮਰ ਹੈ। ਭਾਰਤੀ ਲੋਕ ਕਥਾ ਵਿੱਚ ਇੱਕ ਥਾਂ ਜ਼ਿਕਰ ਆਉਂਦਾ ਹੈ ਕਿ ਇੱਕ ਵੇਰਾਂ ਦੇਵਤਿਆਂ ਨੇ ਵਿਸ਼ਨੂ ਅੱਗੇ ਪ੍ਰਾਰਥਨਾ ਕੀਤੀ ਕਿ ਹੇ ਭਗਵਾਨ! ਅਸੀਂ ਅਸੁਰਾਂ ਦੇ ਹੱਥੋਂ ਬਹੁਤ ਪਰੇਸ਼ਾਨ ਹਾਂ। ਅਸੁਰ ਰਾਖਸਸ ਸਾਨੂੰ ਮਾਰ ਮੁਕਾਈ ਜਾ ਰਹੇ ਹਨ ਤਾਂ ਭਗਵਾਨ ਨੇ ਜੁਆਬ ਦਿੱਤਾ ਕਿ ਸੰਗੀਤ ਸਿੱਖੋ ਕਿਉਂਕਿ ਸੰਗੀਤ ਵਿਚਲੀਆਂ ਸੱਤ ਸੁਰਾਂ ਅਨੰਤ ਕਾਲ ਤੱਕ ਅਮਰ ਹਨ। ਜੋ ਸੁਰਾਂ ਵਿੱਚ ਲੀਨ ਹੋ ਜਾਵੇਗਾ, ਉਹ ਅਮਰ ਹੋ ਜਾਵੇਗਾ।

ਕਈ ਲੋਕ ਸੰਗੀਤ ਸਿੱਖਣ ਦਾ ਸ਼ੌਕ ਤਾਂ ਬਹੁਤ ਰੱਖਦੇ ਹਨ ਪਰ ਉਹ ਸੁਰ ਦੀ ਮਹੱਤੱਤਾ ਵੱਲ ਧਿਆਨ ਨਹੀਂ ਦਿੰਦੇ। ਕਿਉਂਕਿ ਜਦੋਂ ਤਕ ਅਸੀਂ ਲਗਾਤਾਰ ਰਿਆਜ਼ ਨਹੀਂ ਕਰਦੇ, ਅਭਿਆਸ ਨਹੀਂ ਕਰਦੇ, ਸੁਰ ਨਹੀਂ ਸਾਧਿਆ ਜਾ ਸਕਦਾ। ਸੁਰ ਦੀ ਸਾਧਨਾ ਵਾਸਤੇ ਦਿਨਾ ਜਾਂ ਮਹੀਨਿਆਂ ਦਾ ਨਹੀਂ, ਸਗੋਂ ਵਰ੍ਹਿਆਂ ਦਾ ਅਭਿਆਸ ਲੋੜੀਂਦਾ ਹੈ। ਬਹੁਤ ਸਾਰੇ ਸੱਜਣ ਥੋੜ੍ਹਾ ਜਿਹਾ ਸੰਗੀਤ ਸਿੱਖ ਲੈਣ ਤੋਂ ਬਾਅਦ ਆਪਣੇ-ਆਪ ਨੂੰ ਬਹੁਤ ਹੀ ਮਾਅਰਕੇ ਦਾ ਸੰਗੀਤਕਾਰ ਸਮਝਣ ਲੱਗ ਜਾਂਦੇ ਹਨ ਜਦੋਂਕਿ ਉਹਨਾਂ ਨੂੰ ਅਜੇ ਸੁਰ ਦੀ ਸੂਝ ਵੀ ਨਹੀਂ ਹੁੰਦੀ, ਅਤਿ ਬੇਸੁਰਾ ਗਾਉਂਦੇ ਹਨ ਅਤੇ ਜੇਕਰ ਕੋਈ ਦੱਸਣ ਦੀ ਕੋਸ਼ਿਸ਼ ਕਰੇ ਤਾਂ ਗਿਲਾ ਕਰਦੇ ਹਨ, ਭਾਈ ਤੂੰ ਮੇਰੇ ਤੇ ਵਿਅੰਗ ਕਰਦਾ ਹੈ। ਸ਼ੁਕਰਗੁਜ਼ਾਰ ਨਹੀਂ ਹੁੰਦੇ ਕਿ ਕਿਸੇ ਨੇ ਮੱਤ ਦਿੱਤੀ ਹੈ। ਕਿਉਂਕਿ ਉਹ ਨਹੀਂ ਜਾਣਦੇ ਹਨ ਕਿ

ਸੁਰ ਦਾ ਅਰਥ ਦੇਵਤਾ ਹੈ ਅਤੇ
ਅਸੁਰ ਦਾ ਅਰਥ ਰਾਖਸ਼ੀ ਮੱਤ ਹੁੰਦਾ ਹੈ।

ਸਾਡਾ ਇਹ ਪਰਮ ਕਰਤੱਵ ਬਣਦਾ ਹੈ ਕਿ ਜੇਕਰ ਸਾਡਾ ਸੰਗੀਤ ਸਿੱਖਣ ਦਾ ਖ਼ਿਆਲ ਹੈ, ਜੇਕਰ ਅਸੀਂ ਕਿਸੇ ਸਟੇਜ ਉਤੇ ਜਾਂ ਸੰਗਤ ਵਿੱਚ ਕੋਈ ਪੇਸ਼ਕਾਰੀ ਕਰਨੀ ਹੈ ਤਾਂ ਸੁਰ ਵੱਲ ਖ਼ਾਸ

ਧਿਆਨ ਦੇਈਏ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਸੰਗੀਤ ਬਾਰੇ ਉਚਿਤ ਸਿੱਖਿਆ ਹਾਸਿਲ ਕਰਨ ਦਾ ਹੀਲਾ ਕਰੀਏ। ਇਸ ਵਾਸਤੇ ਨੇਮਬਧ ਰਿਆਜ਼ ਕੀਤਾ ਜਾਵੇ ਤਾਂ ਜੋ ਗਲੇ ਵਿੱਚ ਸੁਰ ਸ਼ਕਤੀ ਪੈਦਾ ਹੋ ਸਕੇ। ਜਿੱਥੇ ਸੁਰ ਸਾਧਨਾ ਵਾਸਤੇ ਰਿਆਜ਼ ਅਤੇ ਠੀਕ ਨਿਰਦੇਸ਼ਨ ਜ਼ਰੂਰੀ ਹੈ ਉਥੇ ਇੱਕ ਗਾਇਕ ਨੂੰ ਖਾਣ-ਪੀਣ ਵੱਲ ਵੀ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇੱਕ ਗਾਇਕ ਨੂੰ ਸਾਦੀ ਅਤੇ ਪੌਸ਼ਟਿਕ ਖੁਰਾਕ ਲੈਣੀ ਚਾਹੀਦੀ ਹੈ। ਬਜ਼ਾਰੀ ਚੀਜ਼ਾ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਸੁਰ ਦੇ ਵਰਣਨ ਉਪਰੰਤ ਮੈਂ "ਤਾਲ" ਬਾਰੇ ਵੀ ਕੁਝ ਚਰਚਾ ਕਰਨ ਦੀ ਇੱਛਾ ਕਰਾਂਗਾ। ਤਾਲ ਤੋਂ ਭਾਵ ਸਗੀਤ ਵਿਚਲੀ ਨਿਸ਼ਚਿਤ ਗਤੀ ਹੈ। ਜਦੋਂ ਕੋਈ ਵਾਦਕ ਕੋਈ ਸਾਜ਼ ਵਜਾ ਰਿਹਾ ਹੋਵੇ ਜਾਂ ਕੋਈ ਗਾਇਕ ਗਾ ਰਿਹਾ ਹੋਵੇ ਤਾਂ ਉਸ ਨੂੰ ਤਾਲ ਦੇ ਸਾਥ ਦੀ ਲੋੜ ਪੈਂਦੀ ਹੈ ਕਿਉਂਕਿ ਤਾਲ ਹੀ ਸੰਗੀਤ ਵਿਚਲੀ ਲੈਅ ਨੂੰ ਬੰਨ੍ਹ ਕੇ ਰੱਖਦਾ ਹੈ। ਇਥੋਂ ਤੱਕ ਕਿ ਉਸਤਾਦ ਲੋਕ ਤਾਲ ਨੂੰ ਤਰਾਜ਼ੂ ਦੀ ਸੰਗਿਆ ਵੀ ਦੇਂਦੇ ਹਨ। ਕਿਉਂਕਿ ਤਾਲ ਦੁਆਰਾ ਹੀ ਕਿਸੇ ਗਾਇਕ ਜਾਂ ਵਜੰਤਰੀ ਦੀ ਕਲਾ ਨੂੰ ਪਰਖਿਆ ਜਾ ਸਕਦਾ ਹੈ।

ਭਾਰਤੀ ਸ਼ਾਸਤਰੀ ਸੰਗੀਤ ਵਿੱਚ ਜਾਂ ਗੁਰਮਤਿ ਸੰਗੀਤ ਪੱਧਤੀ ਵਿੱਚ ਬਹੁਤ ਤਰ੍ਹਾਂ ਦੇ ਤਾਲਾਂ ਬਾਰੇ ਵਰਣਨ ਮਿਲਦਾ ਹੈ ਜਿਸ ਵਿੱਚੋਂ ਕੁਝ ਤਾਲ ਅਤਿ ਸਧਾਰਨ ਕੋਟੀ ਦੇ ਹਨ ਜਿਨ੍ਹਾਂ ਨੂੰ ਵਜਾਉਣਾ ਸੌਖਾ ਹੈ ਅਤੇ ਉਸ ਸੰਬੰਧਿਤ ਤਾਲ ਵਿੱਚ ਗਾਉਣਾ ਵੀ ਆਸਾਨ ਹੈ। ਇਹਨਾਂ ਤਾਲਾਂ ਵਿੱਚ ਤਿੰਨ ਤਾਲ (ਸੋਲ੍ਹਾ ਮਾਤਰਾਵਾਂ), ਕੇਹਰਵਾ (8 ਮਾਤਰਾਵਾਂ), ਰੂਪਕ (7 ਮਾਤਰਾਵਾਂ) ਅਤੇ ਦਾਦਰਾ (6 ਮਾਤਰਾਵਾਂ) ਗਾਉਣ ਅਤੇ ਵਜਾਉਣ ਵਿੱਚ ਅਤਿ ਸਰਲ ਹਨ। ਕੁਝ ਤਾਲ ਮਸਲਨ, ਪੰਜ ਤਾਲ ਸੁਆਰੀ, ਝੱਪ ਤਾਲ, ਇੱਕ ਤਾਲ (ਵਿਲੰਬਤ) ਅਤੇ ਧਾਮਾਰ ਆਦਿ ਗਾਉਣ ਵਿੱਚ ਕਾਫੀ ਕਠਨ ਹਨ। ਇਹਨਾਂ ਨੂੰ ਗਾਉਣ ਵਾਸਤੇ ਗਾਇਕ ਨੂੰ ਬੜੀ ਤਿੱਖੀ ਸੁਰਤੀ ਦੀ ਲੋੜ ਹੁੰਦੀ ਹੈ। ਇਹ ਤਾਲ ਸਹਿਜ ਸੁਭਾਅ ਨਹੀਂ ਗਾਏ ਜਾ ਸਕਦੇ। ਬੜੇ ਜ਼ਿਆਦਾ ਅਭਿਆਸ ਤੋਂ ਬਾਅਦ ਇਹ ਤਾਲ ਪਕੜ ਵਿੱਚ ਆਉਂਦੇ ਹਨ।

ਸਿਆਣੇ ਗਾਇਕ ਜਾਂ ਉਸਤਾਦ ਲੋਕਾਂ ਦਾ ਕਥਨ ਹੈ ਕਿ ਇੱਕ ਬੇਸੁਰਾ ਵਿਅਕਤੀ ਤਾਂ ਮੁਆਫ਼ ਕੀਤਾ ਜਾ ਸਕਦਾ ਹੈ ਪਰ ਬੇਤਾਲਾ ਵਿਅਕਤੀ ਮੁਆਫ਼ ਕਰਣ ਯੋਗ ਨਹੀਂ। ਕਿਉਂਕਿ ਸੁਰ ਜਾਂ ਗਲਾ ਕੁਦਰਤੀ ਦੇਣ ਹੈ ਪਰ ਤਾਲ ਸਿੱਖਣ ਵਾਲੀ ਚੀਜ਼ ਹੈ। ਇਸ ਕਰਕੇ ਜੋ ਲੋਕ ਸੰਗੀਤ ਬਾਰੇ ਸ਼ੌਕ ਰਖ਼ਦੇ ਹਨ, ਗਾਉਣ ਦਾ ਸ਼ੌਕ ਜਾਂ ਕੀਰਤਨ ਕਰਨ ਦੀ ਇੱਛਾ ਹੈ, ਉਨ੍ਹਾਂ ਵਾਸਤੇ ਜ਼ਰੂਰੀ ਬਣਦਾ ਹੈ ਕਿ ਉਹ ਕਿਸੇ ਪਰਬੀਨ ਅਧਿਆਪਕ ਕੋਲੋਂ ਤਾਲ ਸਿੱਖਿਆ ਪ੍ਰਾਪਤ ਕਰਨ ਤਾਂ ਕਿ ਉਨ੍ਹਾਂ ਦੀ ਕਲਾ ਵਿੱਚ ਸੁਹਜ ਪੈਦਾ ਹੋ ਸਕੇ ਅਤੇ ਕਲਾ ਵਿੱਚ ਆਨੰਦ ਦੀ ਉਤਪਤੀ ਹੋ ਸਕੇ।

ਅੰਤ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਸੰਗੀਤ ਵਿੱਚ ਤਾਲ ਅਤੇ ਸੁਰ ਅਤਿ ਅਵੱਸ਼ਕ ਅੰਗ ਹਨ। ਇਹਨਾਂ ਦੋਹਾਂ ਦੇ ਯੋਗ ਸੁਮੇਲ ਰਾਹੀਂ ਹੀ ਅਲੌਕਿਕ ਵਿਸਮਾਦੀ ਅਨੰਦ ਪੈਦਾ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਇਹਨਾਂ ਦੀ ਠੀਕ ਵਰਤੋਂ ਨਹੀਂ ਕਰਦੇ ਤਾਂ ਫਿਰ ਡਾ. ਹਰਿਭਜਨ ਸਿੰਘ ਦੇ ਮੁਤਾਬਿਕ ਇਹੀ ਕਹਾਂਗਾ ਕਿ ਕੀਰਤਨ ਦੀ ਭੀੜ ਹੈ ਪਰ ਸੰਗੀਤ ਦਾ ਚਿਹਰਾ ਨਹੀਂ ਦਿਸਦਾ।

—0—

# पंजाब के संगीत घराने

**—डा. डी. ऐस. नरूला**

"पंजाब के अधिकतर पढ़े लिखे लोग भी अधिकतर (अंग्रेजी प्रभाव अथवा संकुचित धार्मिक मतांतर के कारण) अपनी सांस्कृतिक परंपरा एवं विकास से अनजान अथवा लापरवाह रहे हैं। आम तौर पर वे व्यंगयमयी प्रभाव देते हैं कि पंजाब "कलचरल" नहीं "अंगरीकचरल" है अर्थात् सांस्कृतिक क्षेत्र में हम कुछ नहीं, केवल खेतीबाड़ी करना ही हमारा कार्य है। आज सभी पंजाबियों को उनके सांस्कृतिक गौरव से परिचित करवाना एक महत्वपूर्ण कार्य है।" (1)

"पंजाब की संस्कृति अत्यंत प्राचीन, भरपूर तथा अमूल्य है। पंजाब भारतीय सभ्यता का पलना रहा है। इस क्षेत्र की संस्कृति विशेष रुप से बौद्धिक संस्कृति की गाथाएं पुरानत-साहित्य का श्रृंगार हैं। कभी सात, फिर पांच, और अब तीन दरियाओं की वेट तक सीमित होती हुई यह धरती, जिस परिवर्तनशीलता में से गुज़री है, उस समय की सुंदर "मोहर-छाप" हमारी विचारधारा को अधिक रंगीन, एवं अधिक विचित्र बनाती आई है। (2)

किसी भी सभ्यता एवं संस्कृति का दर्पण उसकी परंपरागत उपलब्धियों में देखा जा सकता है। हमें प्रसन्नता है कि पंजाबी युनिवर्सिटी पटियाला; साहित्य, सभ्याचार एवं ललितकलाओं के क्षेत्र में महत्वपूर्ण भूमिका निभा रही है। इस प्रकार के व्यापक सेमिनारो में पढ़े जाने वाले शोध-पत्र संगीत एवं साहित्यिक गतीबिधियों में "मील-पत्थर साबित होते हैं। भारतीय संगीत की ऐतिहासिक परंपरा में, पंजाब के संगीत घरानों की क्या भूमिका रही यह इस शोध पत्र का विषय है। इन घरानों की रूपरेखा एवं विशेषताओं के इलावा घरानों के गुण-दोषों का अध्ययन भी संक्षेप में किया है।

**रिभाषा :—**

घर' शब्द से 'घराना' बना है। घर की चार दीवारी से मकान अथवा भवन का ध होता है, और भवन में रहने वाले किसी परिवार की कल्पना, सहजरूप से होती प्रत्येक परिवार की कुछ मान्यताएं होती हैं, इस लिए किसी परंपरागत मान्यता ा शैली का अनुकरण करने का नाम घराना है। संक्षेप में परंपरा घराना, रावाद, घराने और परंपरागत विशेषज्ञता का नाम ही 'घरानेदारी' है। घराने ी विभिन्न मत-मतांतर निम्नलिखत हैं।

घराना से तात्पर्य है कुछ विशेषताओं का पीढ़ी दर-पीढी चला आना अर्थात् गुरु शिष्य परंपरा/मध्यकालीन सामाजिक परिस्थितियों के परिणाम स्वरूप घराने का जन्म और विकास हुआ । तानसेन के पूर्व कोई घराना नहीं मिलता । " (3)

"घराना" शब्द मुगल काल से प्रचार में आया, इसलिये प्राचीन काल के नामांकित संगीतज्ञों से जो लोग अपने घराने का संम्बध स्थापित करते हैं, यह उनकी भूल है । घराने से अभिप्राय परिवार से है । (4)

"वैसे तो घराना" शब्द का प्रयोग वंश परंपरा अथवा शिष्य-परंपरा के साथ करते हैं । गुरू मुख से प्राप्त तालीम में अपना कुछ न कुछ मिलाकर उसका विकास करने को घराना माना जाये । (5)

"घराने का अर्थ वंश खानदान गुरु-परंपरा प्रणाली अथवा टकसाल है" । (6)

डा. बी. सी. देवा के शब्दों अनुसार "संगीत" एक ऐसी ही सामाजिक घटना है और इसलिए इसकी साधना में रीति-रिवाज आ गये हैं । संगीत के इन आचारों को ही हम पद्धति, वाणी, परंपरा, घराना, आदि कहते हैं । (7)

"वाणी घराने का ही मूल है । (8)

"वाणियों के मूल स्थान "गीतियां" ही रही होंगी (1)

स्पष्ट है कि "गीति" वाणी से "मत" मतों से पद्धति अथवा प्रणाली, और प्रणालियों से खानदानी, संप्रदाय, तथा घराना इत्यादि शब्दों की स्थापना हुई । इसमें कोई दो राय नहीं कि घरानों का वंश अथवा परिवारिक विकास, मध्यकाल में ही हुआ । आधुनिक काल में उनके लिए शैली, बाज, परंपरा, तथा स्कूल शब्द प्रयोग किये जाते हैं । ध्रुपद के घरानों को छोड़ कर शेष सभी घरानों के नाम (ख्याल, गायकी, ठुमरी एवं वाद्य संगीत) नगरों अथवा गाँवों के आधार स्थापित हुए हैं । जैसे किराना, जयपुर, ग्वालियर तथा दिल्ली घराना इत्यादि । इसी प्रकार पंजाब के घरानों के नाम भी नगरों अथवा कसबों के आधार पर रखे गए है : जैसे – तलवंडी, कपूरथला, कसूर, शामचौरासी तथा पटियाला घराना इत्यादि -

घरानों के विकास का कारण :—

1) अपनी मान्यता अथवा अलग पहचान के लिए ।
   (Recognition & Separate Identity.)
2) दिमागी स्तर का सामर्थ्य अथवा भिन्नता ।
   (Mental Calibre & Differences)
3) शारीरिक सामर्थ्य एवं भिन्नता (कंठ तथा हाथ)
   (Physical Capacity)

4) विशेष शैली में रुचि अथवा सुविधा।
(Taste & Talent)

5) गुरुपरंपरा का पालन। (Discipline)

6) नवीनता को ग्रहण न करना, अथवा न करने की मज़बूरी।
(No New Trends)

7) संगीत विद्यालयों अथवा संगीत ग्रंथों की कमी के कारण गुरुशिष्य परंपरा से शिक्षा
(No School No Books)

8) संगीत क्षेत्र में "एकाधिकार" अथवा जागीरदारी की भावना को संतुष्ट करना।
(Monopoly)

9) इस लिए गुरु परंपरा और शिष्य-परंपरा ही घरानों के विकास में आगे बढ़ी।
(Traditionalism)

**घरानों के गुण :—**

1) उच्च स्तर के मंच-कलाकार उतपन्न किये।
2) किसी एक शैली में प्रवीणता।
3) परंपरागत-संगीत को सुरक्षित रखा।
4) गुरु-शिष्य संबंधों को स्थिर रखा।
5) क्रियात्मक संगीत को आगे बढ़ाया।
6) तालीम की अपेक्षा रियाज़ (अभ्यास) पर बल दिया।

**घरानों के अवगुण :—**

1) संगीत शास्त्र के विकास में रुकावट पड़ी।
2) शिक्षा (Education) के साथ संगीत का संबंध जोड़ने में असमर्थ रहे।
3) नवीनता को अस्वीकार किया और "नकल-दर-नकल" को "पीढ़ी-दर पीढ़ी" मान्यता दी।
4) केवल एक वर्ग-विशेष को संगीत शिक्षा लेने का अधिकार था।
5) गुरुओं तथा उस्तादों के अवगुणों को भी परंपरागत रूप में स्वीकार करना जैसे अहंभाव तथा व्यसन।
6) रागों में शास्त्रीय दृष्टि से अशुद्धता।
7) गीतों की तुकबंदी और शब्द उच्चारण में अशुद्धता।
8) संगीतकारों में सीमित और संकीर्ण मनोवृत्ति की भावना।
9) अपने घराने को बढ़िया दूसरे को घटिया मानना।
10) मुद्रा-दोष(Incorrect Posture)
11) किसी एक शैली की स्वीकारना और दूसरी शैलियों का नकारना।

**घरानेदार गायकी का आधार अंतर :—**

1) कुछ विशेष रागों के चुनाव में दिलचस्पी।
2) किसी विशेष शैली में विशेषज्ञता।
3) आवाज़ उच्चारण में भिन्नता। खुली/बंद/नाक में।
4) स्वर उच्चारण में भिन्नता।
5) रागों के चलन और विस्तार में भिन्नता।
6) बंदिशों (Compositions) में भिन्नता।
7) गायकी अथवा गतकारी अंगों में भिन्नता।
8) ठुमरी, भजन अथवा गज़ल को क्षुद्र गायकी मानना।
9) मंच प्रदर्शन में एक राग को दो-तीन घंटे गाना अथवा उतने समय में विभिन्न रागों अथवा शैलियों को प्रस्तुत करना।
10) आलाप, तान अथवा तोड़ों में भिन्नता।

**घरानों के पक्ष में तर्क :-**

"हिंदोस्तानी संगीत" की परंपरागत व्याख्या परंपरा ही के माध्यम से होती है।

इस कला का यथार्थ मूल्य जानने के लिए परम्परावाद का सहारा लेना अनिवार्य है।

"इस लिए बिना परंपरावाद की सहायता के हम परंपरागत हिंदोस्तानी संगीत का भी ठीक ठीक मूल्यांकन नहीं कर सकते।" (10)

यही कारण है कि परंपरावाद का इतना घनिष्ट संबंध हिंदोस्तानी संगीत से रहा है। परंपरावाद पिछड़ापन अथवा पूर्वगामिता के नाम से नहीं पुकारा जा सकता और न उसे हम उन्नति अथवा प्रगति की प्रतिक्रिया ही कह सकते हैं। प्राचीन हिंदोस्तानी संगीत का अगर हम सही मूल्यांकन करना चाहते हैं तो परंपरावाद का परित्याग कभी नहीं कर सकते। परंपरागत संगीत को कला के नये आधुनिक सिद्धांतों के तराजू में नहीं तोल सकते और न ही उसका हम कोई अभारतीय मूल्यांकन ही कर सकते हैं। (11)

घरानेदार संगीत को हम 'टकसाली' जैसे विशेषणों से भी सुशोभित करते हैं। जिस संगीत को हम 'टकसाली' कहते हैं, वह सच्चा और प्रामाणिक घरानेदार संगीत ही होता है जिसके सिक्के सच्चे होते हैं, और जाली कभी नहीं होते। संगीत के बाज़ार में उसका सच्चा मूल्य होता है। (12)

घरानेदार संगीत परंपरागत संगीत है। जो संगीत परंपरा की उपेक्षा करता है अथवा उसके प्रभाव से वंचित रहता है उसे हम बहुत हद तक प्रामाणिक संगीत मानने को तैयार नहीं होते। संगीत अपनी प्राचीन परंपरा को त्याग कर प्रामाणिक नहीं बन सकता। (13)

# A View Point

Gurbachan Singh

In the first instance, I congratulate the Editor and the members of Amrit Kirtan Trust who have initiated a venture of imparting information about 'Ragas' used in Gurbani and about the lives of prominent singers of Gurbani, besides some other objectives. There have been very limited publication on these subjects. This Publication should go a long way in maintaining and creating reverence for Gurbani Kirtan amongst the listeners. I whole heartedly wish Amrit Kirtan a great success in this direction and its maximum circulation.

I would make some humble suggestions which when incorporated would certainly help to elevate the desire to listen to kirtan and the love for following the preachings of the Gurus and inspite the audience in leading a way of life according to 'Sikh Maryada'.

1. The lives of Great Ragis who have elevated the dignity of kirtan with selfless devotion be given in detail with specific illustrations to show that they denounced any wordly temptations, sacrificed their personal comforts and refused to accept material gains as a reward of kirtan. In the long run they earned fame and appreciation from the Panth. The general public relished to listen to musical reciation of the Gurbani by such devoted singers, and showered offerings to the kirtan. Such Ragis were many during twenties and thirties of this century. Dr. Jagir Singh is one like them, even today. In the present set up, the conduct of kirtan and behaviour need be written in golden letters to inspire other Ragis.

2. Recently some such Ragis have sprang up who are over whelmingly mercenaries. They are good at singing. They have style, good musical voice and have learnt lot of Gurbani by heart. They fascinate the listeners. But they do it all to amass wealth. Their demands are very high and they are not available to not very rich devotees. No doubt, like other professions singing of Gurbani is a profession with them. It is their bread and butter. Every one is entitled to make best out of one's skill and hard work, which are appreciated. It is by their virtue and proficiency that they have become popular and have enhanced their price. However, ethics are a must in every profession and

very much so, in this profession, if at all it is granted this status. People do not always pay for the skill and art of the Ragis, but they make offerings to pay homage to Gurbani for which they have reverence. No doubt, a good Ragi can fascinate the audience and collect more money, but this should not be the motive, rather it should be a by-product. Surely they will not be the losers. Let people make offerings from their inner urge for love of Gurbani, but not be taxed for listening to a good kirtan recitation. Such professionals should be exposed through writings in Amrit Kirtan so that they get discouraged to sell their art to lovers of Gurbani.I can say with person experience that this type of Ragis (who are many these days) after hav -ing settled their price, do not stick to their commitment, and go in for a better bargain, leaving the devotees in a lurch. The dvotees be caution -ed to shun such professionals. The black sheep be thoroughly exposed Amrit Kirtan be used as a medium to achieve this objective.

3. The most effective way of influencing the minds of listeners would probably be by their participation in singing of Gurbani. Attemp should be made to create an environment in which the audience sing with the Ragis leading. This could eliminate the mercenaries from th field of singing of Gurbani. People would start singing themselves i routine and occasions. This was very much so, before we attained indep endence. Many professional Ragis were not there. The profssioalism ha taken a total grip over the situation, recently.

4. The Granthis and singers of Gurbani at various Gurudwara need be given guidance on the Ragas to which the shabads belong. The should be encouraged to sing shabadas in original Ragas. Some sort training camps should be held for such people. The managemet of Guru dwars (which are many) will have to be involved in the task.

5. Stress should be laid on pure kirtan which is the job of Ragi They should be dissuaded through maryada to recite 'Sakhis' an explanation to interest average and not well read listeners. If th Ragis so desire, they may recite 'Tuks' from Gurbani to lay stress on particular aspect of the shabad they are singing. The audience woul understand better the central idea of the shabad. The Ragis shoul resort to singing in a very clear manner so that the audience can pic up every word of the recitation. All sitting in the 'Sangat' might no remember the shabad. Its clear racitation would fascinate them. Ragi

should not be allowed to drown their voice in music of the instrument nor depiction of their art by 'Pakke Ragas'.

6. Last of all, but not the least, our rich traditions and monumental heritage should not be allowed to be diluted on the advice of un-scientific and irrational Granthis in charge of many Gurudwaras at places big and small. As an illustration, it is observed that recitation of Akhand Path is held in a corner room of the Gurudwara, while daily morning and evening services are taking pla e in main hall of the Gurudwara. Hardly any person other than the granthi is present in the corner room. Such ritual recitation of Guru Granth Sahib should be replaced by its recitation where large number of people participate and listen to the Gurbani. Several other illogical practices are seen in the Gurdawaras. I had an occasion to talk to the managers on such subjects. Sometimes they pleaded that this was the wish of the Granthis. At other times they agreed but expressed helplessness. Let us rationalise the proceedings of Gurdwara and nobody be allowed to shake the rationality of Gurus, preachings of which we are proud.

★

With best compliments from :

Harbhajan Singh

**JEAN JOINT**

**S. C. O. 57-58-59, Sector 17-C, Chandigarh.**

**DHIMAN RADIOS**

Manufacturers of : ESKOM SPEAKERS

*Specialist in Repairs of :*

VCR, Stereo, Tape-Recorders, Speakers, Microphones,

Amplifiers, Units Multimeters & MAGNET CHARGING

**S.C.F. No. 43/4, Sector 18-D, CHANDIGARH**

# ਗਿਆਨੀ ਲਛਮਣ ਸਿੰਘ ਗੰਧਰਬ

ਗਿ: ਗੁਰਨਾਮ ਸਿੰਘ ਸੋਹਾਣਾ

**ਗਿਆਨੀ ਲਛਮਣ ਸਿੰਘ ਗੰਧਰਬ** ਜੀ ਦਾ ਜਨਮ 2 ਫਰਵਰੀ, 1909 ਵਿੱਚ ਪਿੰਡ ਮਹਿਮੂਦ ਪੁਰ ਜਿਲ੍ਹਾ ਲੁਧਿਆਣਾ ਵਿਖੇ ਸ. ਤਾਰਾ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਹੋਇਆ। 4 ਸਾਲ ਦੀ ਉਮਰ ਵਿਚ ਚੇਚਕ ਨਾਲ ਆਪ ਦੀ ਨਜ਼ਰ ਜਾਂਦੀ ਰਹੀ। ਆਪ ਜੀ ਨੂੰ 10 ਸਾਲ ਦੀ ਉਮਰ ਵਿੱਚ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਦੇ ਡੇਰੇ ਵਿੱਚ ਸੰਗੀਤ ਤੇ ਕੀਰਤਨ ਵਿੱਦਿਆ ਸਿੱਖਣ ਲਈ ਛੱਡ ਦਿੱਤਾ। 20 ਸਾਲ ਦੀ ਉਮਰ ਤੱਕ ਆਪ ਜੀ ਨੇ ਸਖਤ ਮਿਹਨਤ ਕਰਕੇ ਉਸਤਾਦ ਨਿਹਾਲ ਸਿੰਘ ਜੀ ਦੀ ਸਿਖਲਾਈ ਰਾਹੀਂ ਗਵਾਲੀਅਰ ਯੂਨੀਵਰਸਿਟੀ ਤੋਂ ਸੰਗੀਤ ਦੀ ਗੰਧਰਬ ਦੀ ਡਿਗਰੀ ਪ੍ਰਾਪਤ ਕੀਤੀ। ਆਪ ਜੀ ਨੇ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਪਾਸ ਕੀਤੀ ਉਸ ਤੋਂ ਬਾਦ ਗੁਰਦੁਆਰਾ ਫ਼ਲਾਹੀ ਸਾਹਿਬ ਪਾ. 10 ਅਤੇ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਸਾਹਿਬ ਵਿਖੇ ਸੰਗੀਤ ਵਿੱਦਿਆ ਦਿੱਤੀ ਅਤੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਵੀ ਕਰਵਾਈ। ਆਪ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਜ਼ਿਲਾ ਲੁਧਿਆਣੇ ਦੇ ਜਨਰਲ ਸਕੱਤਰ ਰਹੇ। ਆਪ ਨੇ ਅਕਾਲੀ ਦਲ ਦੇ ਹਰ ਮੋਰਚੇ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਿਵੇਂ ਕਿ 1953-54 ਵਿੱਚ ਮਾਸਟਰ ਤਾਰਾ ਸਿੰਘ ਦੇ ਸ਼ਹੀਦੀ ਜਥੇ ਵਿੱਚ 1955-1961-1965 ਪੰਜਾਬੀ ਸੂਬੇ ਦੇ ਮੋਰਚੇ ਵਿੱਚ ਗ੍ਰਿਫਤਾਰੀਆਂ ਦਿੱਤੀਆਂ। 1971 ਵਿੱਚ ਦਿੱਲੀ ਦੇ ਮੋਰਚੇ ਵਿੱਚ ਸ, ਪ੍ਰਕਾਸ ਸਿੰਘ ਬਾਦਲ ਦੇ ਜਥੇ ਵਿੱਚ ਨਜ਼ਰਬੰਦ ਰਹੇ। ਆਪਜੀ ਨੇ ਸੰਗੀਤ ਵਿਦਿਆ ਬਹੁਤ ਸਿਖਾਈ ਆਪ ਜੀ ਦੇ ਸਿੱਖੇ ਹੋਏ ਅਨੇਕਾਂ ਰਾਗੀ ਸਿੰਘ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਅਨੇਕਾਂ ਗੁਰਦੁਆਰਿਆਂ ਵਿੱਚ ਕੀਰਤਨ ਦੀ ਸੇਵਾ ਕਰ ਰਹੇ ਹਨ। ਸ. ਸੋਹਣ ਸਿੰਘ ਜੀ ਜੋ ਮਹਾਨ ਸੰਗੀਤਕਾਰ ਹੋਏ ਹਨ। ਉਹ ਵੀ ਅਰੰਭ ਵਿੱਚ ਆਪ ਜੀ ਤੋਂ ਸੰਗੀਤ ਵਿੱਦਿਆ ਸਿਖੇ। ਆਪਜੀ ਨੇ ਨੇਤਰਹੀਣਾਂ ਲਈ ਵੀ ਬਹੁਤ ਸੰਘਰਸ਼ ਕੀਤਾ। 1964 ਵਿੱਚ ਭਾਰਤ ਨੇਤਰਹੀਣ ਸੇਵਕ ਸਮਾਜ ਨਾਂ ਦੀ ਸੰਸਥਾ ਕਾਇਮ ਕੀਤੀ ਜੋ ਨੇਤਰਹੀਣਾਂ ਨੂੰ ਸਿਖਲਾਈ ਅਤੇ ਉਨ੍ਹਾਂ ਦੇ ਲਈ ਰੁਜ਼ਗਾਰ ਅਤੇ ਗੌਰਮਿੰਟ ਤੋਂ ਹੋਰ ਸਹੂਲਤਾਂ ਲੈ ਕੇ ਦਿੰਦੀ ਰਹਿੰਦੀ ਹੈ। ਉਸ ਦਾ ਦਫਤਰ ਅਤੇ ਗੁਰਦੁਆਰਾ ਸਾਹਿਬ ਲੁਧਿਆਣਾ ਸ਼ਹਿਰ ਵਿੱਚ ਕਾਇਮ ਕੀਤਾ। ਆਪ ਜੀ ਨੇ ਇਸ ਸੰਸਥਾ ਦੇ ਸਰਪਰਸਤ ਬਣ ਕੇ ਭਾ. ਅਮਰੀਕ ਸਿੰਘ ਅਤੇ ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨਾਲ ਮਿਲ ਕੇ ਦਿੱਲੀ, ਕਲਕੱਤਾ, ਬੰਬਈ ਅਤੇ ਹੋਰ ਅਨੇਕ ਸ਼ਹਿਰਾਂ ਵਿੱਚ ਇਸ ਦੀਆਂ ਬਰਾਂਚਾ ਖੋਲੀਆਂ। 19 2 ਵਿੱਚ ਸੰਘਰਸ਼ ਮਈ ਜੀਵਨ ਬਤੀਤ ਕਰਕੇ ਅਧਰੰਗ ਦੇ ਰੋਗ ਨਾਲ ਸੁਰਗਵਾਸ ਹੋ ਗਏ।

With best compliments from :

J. S. Sodhi

Sodhi Boot House

S. C. O. 68-70, Sector 17-C, Chandigarh.

# ਪੁਰਾਤਨ ਅਤੇ ਆਧੁਨਿਕ ਕੀਰਤਨ ਪਰੰਪਰਾ

**ਪ੍ਰੋ. ਰਣਜੀਤ ਸਿੰਘ**

ਗੁਰੂ ਨਾਨਕ ਸਾਹਿਬ ਤੇ ਬਾਕੀ ਗੁਰੂ ਵਿਅਕਤੀਆਂ ਨੇ ਜਿਵੇਂ-ਜਿਵੇਂ ਬਾਣੀ ਨੂੰ ਵੱਖ-ਵੱਖ ਰਾਗਾਂ ਵਿੱਚ ਉਚਾਰਿਆ ਅਤੇ ਗਾਇਆ ਤਿਵੇਂ ਤਿਵੇਂ ਸਮੇਂ ਦੇ ਰਬਾਬੀਆਂ ਨੇ ਰਬਾਬ ਨਾਲ ਉਸ ਗਾਇਨ ਦੀ ਸੰਗਤ ਕੀਤੀ। ਮੁੱਢ ਤੋਂ ਭਾਈ ਮਰਦਾਨਾ ਜੀ ਰਬਾਬ ਨਾਲ ਕੀਰਤਨ ਦੀ ਸੰਗਤ ਕਰਿਆ ਕਰਦੇ ਸਨ ਇਸੇ ਕਾਰਨ ਮਰਦਾਨੇ ਦੇ ਨਾਮ ਨਾਲ ਰਬਾਬੀ ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਭਾਈ ਮਰਦਾਨਾ ਕੀਰਤਨੀਆ ਨਹੀਂ ਬਲਕਿ ਸਭ ਤੋਂ ਪਹਿਲਾਂ ਕੀਰਤਨ ਦੀ ਸੰਗਤ ਕਰਨ ਵਾਲਾ ਰਬਾਬੀ ਸੀ ਜੋ ਰਾਗਾਂ ਦੀ ਬੇਹਦ ਜਾਣ ਪਹਿਚਾਣ ਰੱਖਣ ਵਾਲਾ ਸੀ। **ਰਬਾਬੀ** ਸ਼ਬਦ ਦੇ ਨਾਲ ਹੀ ਇਨ੍ਹਾਂ ਦੇ ਕੁਣਬੇ ਦਾ ਨਾਮ (ਭਾਈ) ਅਥਵਾ ਰਬਾਬੀ ਕਰਕੇ ਸਿੱਖ ਜਗਤ ਵਿੱਚ ਗਿਣਿਆ ਜਾਣ ਲੱਗਾ। ਭਾਈ), ਇਹ ਨਾਮ ਗੁਰੂ ਘਰ ਵਿੱਚ ਸਭ ਤੋਂ ਪਹਿਲਾਂ ਮਰਦਾਨੇ ਨੂੰ ਬਖਸ਼ਿਸ ਹੋਇਆ।

ਇਸ ਬਖਸ਼ਿਸ ਦਾ ਸਦਕਾ ਭਾਈ ਕੁਣਬੇ ਦੇ ਉੱਘੇ ਕੀਰਤਨੀਆਂ ਨੇ ਗੁਰੂ ਘਰ ਵਿੱਚ ਕੀਰਤਨ ਸੁਣਾ ਕੇ ਸੰਗਤ ਦੀ ਭਰਪੂਰ ਪ੍ਰਸੰਨਤਾ ਹਾਸਲ ਕੀਤੀ। ਭਾਈ ਬਾਬਕ; ਭਾਈ ਨੱਥੂ ਜੀ ਭਾਈ ਸੱਤਾ ਬਲਵੰਡ ਜਿਨ੍ਹਾਂ ਦੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੇ ਰੂਪ ਵਿੱਚ ਸਥਾਪਿਤ ਹੈ ਭਾਈ ਖਾਨਦਾਨ ਨੂੰ ਇਹ ਇੱਕ ਖਾਸ ਮਾਣ ਪ੍ਰਾਪਤ ਹੈ, ਨਾਲ-ਨਾਲ ਇਹ ਗੁਰਬਾਣੀ ਸੰਗੀਤ ਤੋਂ ਭਲੀ-ਭਾਂਤ ਜਾਣੂ ਸਨ ਅਤੇ ਉਸ ਵੇਲੇ ਦੀ ਧਰੁਪਦ ਧਮਾਰ ਗਾਇਕੀ ਨਾਲ ਖਾਸ ਸੰਬੰਧ ਰੱਖਦੇ ਸਨ।

ਗੁਰਬਾਣੀ ਸੰਗੀਤ ਹੈ ਹੀ ਧਰੁਪਦ, ਧਮਾਰ, ਧੁਨਾ ਪੜਤਾਲਾਂ ਅਸਟਪਦੀਆਂ ਅਥਵਾ ਛੰਦਾਂ ਬੰਦੀ ਦੇ ਆਧਾਰ ਤੇ ਘੜਿਆ ਹੋਇਆ। ਜੋ ਉਸ ਸਮੇਂ ਦੀ ਕੁਸ਼ਲ ਗਾਇਨ ਸ਼ੈਲੀ ਸੀ, ਜਿਨ੍ਹਾਂ ਨੂੰ ਗੁਰੂ ਸਾਹਿਬਾਂ ਨੇ ਪ੍ਰਚਾਰ ਵਿੱਚ ਲਿਆਂਦਾ। ਗੁਰੂ ਨਾਨਕ ਸਾਹਿਬ ਨੇ ਇਸ ਨੂੰ ਵਧੇਰੇ ਵਿਸ਼ੇਸ਼ਤਾ ਵਾਲਾ ਬਣਾ ਦਿੱਤਾ ਹੈ ਜੋ ਸਿੱਧਾ ਉਨ੍ਹਾਂ ਸਿਖਰਾਂ ਨੂੰ ਟੁੰਬਦਾ ਹੈ ਜਿੱਥੇ ਆਤਮਾ ਦਾ ਆਨੰਦ ਹੀ ਆਨੰਦ ਹੈ। ਕੀਰਤਨ ਤਾਂ ਭਾਵੇਂ ਗੁਰੂ ਸਾਹਿਬਾਂ ਤੋਂ ਪਹਿਲਾਂ ਵੀ ਮੰਦਰਾਂ ਵਿੱਚ ਖੜ, ਮੰਜੀਰੇ, ਢੋਲਕ ਆਦਿ ਨਾਲ ਗਾਇਆ ਜਾਂਦਾ ਸੀ। ਇਹ ਮੁੱਢ ਕਦੀਮਾਂ ਤੋਂ ਕੀਰਤਨ ਆਪਣੇ ਢੰਗ ਦੀ ਵਿਸ਼ੇਸ ਗਾਇਨ ਸ਼ੈਲੀ ਹੈ। ਪ੍ਰਮੇਸਰ ਦੀ ਤਲਾਸ਼ ਜਾਰੀ ਰੱਖਣ ਲਈ ਮਨੁੱਖ ਨੂੰ ਯਤਨਸ਼ੀਲ ਕਰਦੀ ਹੈ। ਪੁਰਾਤਨ ਮੰਦਰਾਂ ਵਿੱਚ ਜੋ ਗਾਇਆ ਜਾਂਦਾ ਸੀ ਉਹ ਇੱਕ ਸੰਸਾਰੀ ਮਨੁੱਖ ਦੀ ਆਪਣੀ ਕਾਵਯ ਰਚਨਾ ਹੈ ਜੋ ਉਨ੍ਹਾ ਸੇਧਾਂ ਤੱਕ ਨਹੀਂ ਪਹੁੰਚਦੀ ਜਿਸਨੂੰ ਸਿੱਖ ਗਾਉਂਦਾ ਹੈ ਤੇ (ਮਨ ਪ੍ਰੀਤ ਚਰਨ ਕਮਵਾਰੇ) ਨਾਲ ਜੋੜਦਾ ਹੈ। ਉਹ ਕੀਰਤਨ ਅਜੇ ਵੀ ਬੰਗਾਲ ਮਹਾਰਾਸਟਰ ਦੇ ਮੰਦਰਾਂ ਵਿੱਚ ਉਸੇ ਹੀ ਪੁਰਾਤਨ ਢੰਗ ਨਾਲ ਨਚਦਿਆਂ ਟੱਪਦਿਆਂ ਗਾਇਆ ਜਾਂਦਾ ਹੈ। ਉਸ ਤੇ ਫਿਲਮੀ ਸੰਗੀਤ ਦਾ ਕੋਈ ਪ੍ਰਭਾਵ ਨਹੀਂ ਪਿਆ ਜਿਸ ਕਰਕੇ ਉਹ ਭਜਨ, ਗੀਤ ਸੰਸਾਰ ਵਿੱਚ ਵਿੱਚ ਪ੍ਰਸਿੱਧ ਨਹੀਂ ਹੋ ਸਕੇ। ਗੁਰਬਾਣੀ ਨੂੰ ਸੰਸਾਰ ਪ੍ਰਸਿੱਧ ਕਰਨ ਲਈ ਕੀਰਤਨੀਆਂ ਨੇ ਫਿਲਮੀ

ਗੁਰਬਾਣੀ ਸੰਗੀਤ ਦਾ ਸਹਾਰਾ ਲੈ ਕੇ ਪੁਰਾਤਨਤਾ ਨੂੰ ਭੁੱਲ ਕੇ ਰੇਡੀਉ ਟੀ, ਵੀ, ਫਿਲਮਾਂ ਆਦਿ ਵਿੱਚ ਸਰਲਤਾ ਨਾਲ ਗਾਇਆ ਹੈ।

ਗੁਰਬਾਣੀ ਸੰਗੀਤ ਭਾਈ ਸੱਤਾ ਬਲਵੰਡ ਤੋਂ ਬਾਅਦ ਗੁਰੂ ਅਰਜਨ ਸਾਹਿਬ ਦੀ ਬਖਸ਼ਿਸ ਦੁਆਰਾ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਹਰਿਮੰਦਰ ਸਾਹਿਬ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਪ੍ਰਾਪਤ ਹੋਇਆ। ਸੰਗਤਾਂ ਵਿੱਚ ਕੀਰਤਨ ਗਾਉਣ ਦਾ ਸੁਭਾਗ ਸਭ ਤੋਂ ਪਹਿਲਾਂ ਇਨ੍ਹਾਂ ਦੋ ਵਿਅਕਤੀਆਂ ਨੂੰ ਪ੍ਰਾਪਤ ਹੋਇਆ। ਜਿਸ ਤੋਂ ਕੀਰਤਨ ਦੀਆਂ ਟਕਸਾਲਾਂ ਪਾਈਆਂ ਗਈਆਂ। ਇਤਿਹਾਸ ਲਿਖਦਾ ਹੈ ਕਿ ਜੱਤੇ ਦੇ ਰੂਪ ਵਿੱਚ ਭਾਈ ਸ਼ਾਮ ਸਿੰਘ ਜੀ ਹਰਿਮੰਦਰ ਸਾਹਿਬ ਕੀਰਤਨ ਦੀ ਸੇਵਾ ਲਈ ਨਿਯੁਕਤ ਹੋਏ। ਇਹ ਸਰੰਦੇ ਨਾਲ ਕੀਰਤਨ ਗਾਇਆ ਕਰਦੇ ਸਨ। ਜੋ ਗੁਰਸਿੱਖ ਰਹਿਣੀ ਵਿੱਚ ਨਿਪੁੰਨ ਕੀਰਤਨੀਏ ਸਨ। ਅੱਗੇ ਚੱਲ ਕੇ ਇਸ ਪ੍ਰਚਾਰ ਦੀਆਂ ਹੋਰ ਕਈ ਟਕਸਾਲਾਂ ਬਣ ਗਈਆਂ। ਜਿਨ੍ਹਾਂ ਵਿੱਚ ਸਿੱਖ ਜਗਤ ਦੇ ਪ੍ਰਸਿੱਧ ਕੀਰਤਨੀਏ ਹੋਏ, ਜਿਹੜੇ ਭਗਤੀ ਰਸ ਦੇ ਆਨੰਦ ਮਾਨਣੀਏ ਸਨ, ਜਿਨਾਂ ਦੇ ਹਵਾਲੇ ਸਿੱਖ ਇਤਿਹਾਸ ਚੋਂ ਮਿਲਦੇ ਹਨ। ਬਾਬਾ ਖੁਸ਼ਹਾਲ ਸਿੰਘ ਜੀ ਜਿਨ੍ਹਾਂ ਦਾ ਨਾਮ ਗੁਰਬਾਣੀ ਸੰਗੀਤ ਕੀਰਤਨੀਆਂ ਵਿੱਚ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਸੰਤ ਮੰਗਲ ਸਿੰਘ ਜੀ ਨਿਰਮਲੇ ਦੀ ਟਕਸਾਲ ਵਿੱਚ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਸਨ। ਕੀਰਤਨ ਦੀ ਇਹ ਸਭ ਤੋਂ ਪਹਿਲੀ ਟਕਸਾਲ ਹੈ ਜੋ ਲੁਧਿਆਣਾ, ਮੋਗਾ ਦੇ ਨੇੜੇ ਪਿੰਡ ਦੌਧਰ ਵਿੱਚ ਸਥਾਪਿਤ ਹੈ। ਬਾਕੀ ਟਕਸਾਲਾਂ ਬਾਅਦ ਵਿੱਚ ਆਈਆਂ। ਦੌਧਰ ਦੀ ਟਕਸਾਲ ਦਾ ਸਬੰਧ ਤਲਵੰਡੀ ਜੋ ਧਰਪਦ ਧਮਾਰ ਦਾ ਘਰਾਣਾ ਹੈ ਦੇ ਨਾਲ ਜਾ ਮਿਲਦਾ ਹੈ। ਇੱਥੇ ਵਿਦਿਆਰਥੀ ਜ਼ਿਆਦਾ ਸੂਰਮੇ ਸਿੰਘ ਹਨ। ਬਾਬਾ ਖੁਸ਼ਹਾਲ ਸਿੰਘ ਜੀ ਨੇ ਅਨੇਕਾਂ ਵਿਦਿਆਰਥੀ ਤਿਆਰ ਕਰਕੇ ਸੰਗਤਾਂ ਦੀ ਪ੍ਰਸੰਨਤਾ ਲਈ ਹੈ। ਬਾਬਾ ਜੀ ਆਪ ਸੂਰਮੇ ਸਨ। ਇਹਨਾਂ ਦੇ ਸ਼ਗਿਰਦਾਂ ਵਿੱਚੋਂ ਗਿਆਨੀ ਸ਼ੇਰ ਸਿੰਘ ਰੋਕਰੀ, ਗਿਆਨੀ ਜਸਵੰਤ ਸਿੰਘ ਕੁਲਾਰ, ਲਛਮਣ ਸਿੰਘ ਗੰਧਰਵ ਬਾਬਾ ਹਰਮੋਹਣ ਸਿੰਘ ਗਗੜਾ ਜਿਨਾਂ ਨੇ ਕਾਫੀ ਸਮਾਂ-ਹਰਿ-ਮੰਦਰ ਸਾਹਿਬ ਕੀਰਤਨ ਦੀ ਸੇਵਾ ਕੀਤੀ, ਅਨੇਕਾਂ ਵਿਦਿਆਰਥੀ ਤਿਆਰ ਕੀਤੇ ਜੋ ਸੰਸਾਰ ਪ੍ਰਸਿੱਧ ਹਨ। ਗੁਰਬਾਣੀ ਸੰਗੀਤ ਜਦੋਂ ਤੱਕ ਟਕਸਾਲਾਂ ਵਿੱਚ ਉਪਜਦਾ ਰਿਹਾ, ਉਦੋਂ ਤੱਕ ਇਹ ਕ੍ਰਮ-ਵਾਰ ਰਾਗਾਂ ਵਿੱਚ ਗਾਇਆ ਅਤੇ ਪ੍ਰਚਾਰਿਆ ਗਿਆ ਅਤੇ ਇਸ ਨਾਲ ਸੰਗਤ ਤੰਤੀ ਸਾਜਾਂ ਦੀ ਹੀ ਹੁੰਦੀ ਰਹੀ ਹੈ ਜੋ ਇਸ ਪ੍ਰਕਾਰ ਸਨ ਰਬਾਬ, ਸਰੰਦਾ, ਤਾਊਸ, ਦਿਲਰੂਬਾ। ਇਹਨਾਂ ਨਾਲ ਕੀਰਤਨ ਕਰਨ ਵਾਲੇ ਭਾਈ ਸਮੁੰਦ ਸਿੰਘ ਨਨਕਾਣਾ ਸਾਹਿਬ, ਭਾਈ ਹੀਰਾ ਸਿੰਘ ਚੂਨਾ ਮੰਡੀ ਲਾਹੌਰ, ਭਾਈ ਸੁਧ ਸਿੰਘ ਪ੍ਰਧਾਨ ਸਿੰਘ, ਭਾਈ ਜਵਾਲਾ ਸਿੰਘ ਠਠੇ ਟਿਬੇ ਵਾਲੇ, ਗਿ. ਗਿਆਨ ਸਿੰਘ ਅਲਮਸਤ, ਭਾਈ ਧਰਮ ਸਿੰਘ ਜ਼ਖਮੀ ਆਦਮਪੁਰ ਵਾਲੇ, ਭਾਈ ਸੰਤਾ ਸਿੰਘ ਕੰਵਲ ਦਿੱਲੀ ਸੀਸ ਗੰਜ ਸਾਹਿਬ। ਇਹ ਟਕਸਾਲੀ ਕੀਰਤਨੀਏ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਧੁਨਾਂ, ਪੜਤਾਲਾਂ ਸਹਿਤ ਗਾਉਂਦੇ ਅਤੇ ਪ੍ਰਚਾਰਦੇ ਆਏ ਹਨ। ਅੱਜ ਵੀ ਕੁਝ ਕੀਰਤਨੀਆਂ ਪਾਸੋਂ ਇਸ ਢੰਗ ਨਾਲ ਬਾਣੀ ਸੁਣਨ ਨੂੰ ਮਿਲਦੀ ਹੈ। ਗੁਰਚਰਨ ਸਿੰਘ ਅਵਤਾਰ ਸਿੰਘ ਦਿੱਲੀ, ਪ੍ਰਿੰ. ਬਲਦੇਵ ਸਿੰਘ, ਭਾਈ ਬਲਬੀਰ ਸਿੰਘ, ਬਖਸ਼ੀਸ਼ ਸਿੰਘ, ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਸੰਤ ਸਰਵਣ ਸਿੰਘ ਡੁਮੇਲੀ ਜੋ ਇਸ ਪ੍ਰਥਾ ਨੂੰ ਸੰਸਥਾ ਦੇ ਰੂਪ ਵਿੱਚ ਵੀ ਸੰਭਾਲਦੇ ਹਨ

ਅਤੇ ਵਿਦਿਆਰਥੀਆਂ ਨੂੰ ਪੁਰਾਤਨ ਕੀਰਤਨ ਲੜੀ ਨਾਲ ਜੋੜਦੇ ਹਨ। ਪੁਰਾਤਨ ਕੀਰਤਨ ਪ੍ਰਣਾਲੀ ਨੂੰ ਜੋੜੀ ਰੱਖਣ ਦਾ ਉਪਰਾਲਾ ਸਤਿਗੁਰ ਜਗਜੀਤ ਸਿੰਘ ਜੀ ਨਾਮਧਾਰੀ ਸੰਸਥਾ ਵੱਲੋਂ ਸ਼ਲਾਘਾ ਯੋਗ ਹੈ

ਹੌਲੀ ਹੌਲੀ ਜਦ ਅਜੋਕੇ ਕੀਰਤਨੀਆਂ ਤੇ ਫ਼ਿਲਮ ਇੰਡਸਟਰੀ ਦਾ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਉਸ ਪ੍ਰਥਾ ਨੂੰ ਅਖੋਂ-ਪਰੋਖੇ ਕਰਕੇ ਗੁਰੂ ਦੀ ਪ੍ਰਸੰਨਤਾ ਨੂੰ ਇੱਕ ਪਾਸੇ ਰੱਖ ਕੇ ਸਿੱਖ ਸੰਗਤਾਂ ਨੂੰ ਪ੍ਰਸੰਨ ਕਰਕੇ ਮਾਇਆ ਦੀ ਖਾਤਿਰ ਕੀਰਤਨ ਨੂੰ ਕਿੱਤਾ ਬਣਾ ਲਿਆ ਜਿਸ ਨਾਲ ਗੁਰਬਾਣੀ ਭਗਤੀ ਰਸ ਵਾਲਾ ਸੰਗੀਤ ਜਾਂਦਾ ਰਿਹਾ। ਇਸ ਸਿੱਧੇ ਸਾਦੇ ਕੀਰਤਨ ਦੀ ਪ੍ਰਥਾ ਮੇਰੀ ਖੋਜ ਅਨੁਸਾਰ ਯਤੀਮਖਾਨੇ ਦੇ ਵਿਦਿਆਰਥੀ ਭਾਈ ਸੁਰਜਨ ਸਿੰਘ ਹੋਰਾਂ ਤੋਂ ਚੱਲੀ। ਜਿਸ ਦੀ ਰਵਾਨਗੀ ਸਰਲ ਅਤੇ ਸਾਦੀ ਲੈਅ ਵਿੱਚ ਗਾਉਣ ਦੀ ਸੀ ਜਿਸ ਨੂੰ ਵੇਲੇ ਦੀਆਂ ਸੰਗਤਾਂ ਨੇ ਅਤਿ ਜ਼ਿਆਦਾ ਪਿਆਰ ਅਤੇ ਮਾਣ ਦਿੱਤਾ। ਇਸ ਸ਼ੈਲੀ ਤੋਂ ਘਰ ਬੈਠੇ ਅਨੇਕਾਂ ਕੀਰਤਨੀਆਂ ਨੇ ਆਪਣੇ ਢੰਗ ਨਾਲ ਸਿੱਖ ਕੇ ਕੀਰਤਨ ਨੂੰ ਕੀਰਤੀ ਦੇ ਰਾਹ ਤੋਂ ਹੱਟ ਕੇ ਆਪਣੀ ਉਪਜੀਵਕਾ ਦਾ ਕਿੱਤਾ ਬਣਾਲਿਆ। ਸਿੱਟਾ ਇਹ ਨਿਕਲਿਆ ਕਿ ਗੁਰਬਾਣੀ ਖੋਜ ਗੁਰਬਾਣੀ ਕੀਰਤਨੀਆਂ ਤੋਂ ਪੰਖ ਲਾ ਕੇ ਉਡ ਗਈ। ਅਜੋਕੇ ਕੀਰਤਨੀਆਂ ਨੇ ਸਾਦੇ ਢੰਗ ਨਾਲ ਗਾ ਕੇ ਬਾਣੀ ਦਾ ਪ੍ਰਚਾਰ ਤਾਂ ਕੀਤਾ ਪਰ ਰਾਗ, ਤਾਲ, ਸੁਵਰ ਨਾਲੋਂ ਬਾਣੀ ਨੂੰ ਵੱਖ ਕਰ ਦਿੱਤਾ। ਜੋ ਕੀਰਤਨ ਸਰੰਦੇ, ਰਬਾਬ, ਤਾਊਸ਼ ਪਖਾਵਜ ਨਾਲ ਹਰਿਮੰਦਰ ਸਾਹਿਬ ਵਿੱਚ ਅਤੇ ਤਖਤਾਂ ਤੇ ਕੀਤਾ ਜਾਂਦਾ ਸੀ ਉਸ ਦੀ ਪ੍ਰਥਾ ਖਤਮ ਹੋ ਗਈ। ਸਿੱਧੀਆਂ ਸਾਦੀਆਂ ਫ਼ਿਲਮੀ ਧੁਨਾਂ ਤੇ ਕੀਰਤਨੀਆਂ ਨੇ ਬਾਣੀ ਗਾ ਕੇ ਅੱਜ ਦੀਆਂ ਸੰਗਤਾਂ ਵਿੱਚ ਬਹੁਤ ਪ੍ਰਧਾਨਤਾ ਹਾਸਲ ਕੀਤੀ ਹੈ। ਜਿੱਥੇ ਗੁਰਬਾਣੀ ਦਾ ਪ੍ਰਚਾਰ ਇੰਨਾ ਜ਼ਿਆਦਾ ਵਧਾਉਣ ਵਿੱਚ ਸਾਡਾ ਯਤਨ ਹੈ ਉੱਥੇ ਕੀਰਤਨੀਆਂ ਨੂੰ ਨਿਰਾ ਕਿੱਤਾ ਬਣਾ ਕੇ ਹੀ ਨਹੀਂ ਭੁਲ ਜਾਣਾ ਚਾਹੀਦਾ। ਭਗਤੀ ਰਸ ਨੂੰ ਮੁੱਖ ਰੱਖਦਿਆਂ ਹੋਇਆਂ ਗਾਇਕੀ ਨੂੰ ਵੀ ਨਾਲ-ਨਾਲ ਜੋੜੀ ਰੱਖਣਾ ਚਾਹੀਦਾ ਹੈ।

ਅੱਜ ਅਸੀਂ ਕੀਰਤਨ ਦੀ ਅਮੋਲਕ ਦਾਤ ਨੂੰ ਪਾ ਕੇ ਕੀਰਤਨੀਏ ਸਿੰਘ ਆਪਣੇ ਆਪ ਨੂੰ ਕਿੰਨਾ ਥੱਲੇ ਲੈ ਜਾ ਰਹੇ ਹਾਂ ਅਤੇ ਬਾਣੀ ਦੀ ਖੋਜ ਤੋਂ ਦੂਰ ਕੀਰਤਨ ਦੀ ਮੁੱਢਲੀ ਲੜੀ ਤੋਂ ਨਾਵਾਕਿਫ਼ ਬਣ ਕੇ ਆਖ ਦਿੰਦੇ ਹਾਂ ਕਿ ਨਿਰੋਲ ਕੀਰਤਨ ਕਰਨਾ ਚਾਹੀਦਾ ਹੈ, ਰਾਗ ਵਿੱਚ ਤੇ ਤਾਲਾਂ ਵਿੱਚ ਕੀ ਪਿਆ ਹੈ ? ਉਨ੍ਹਾਂ ਨੂੰ ਨਿਰੋਲ ਦੇ ਅਰਥਾਂ ਦਾ ਨਹੀਂ ਪਤਾ (ਜਿਸ ਵਿੱਚ ਰਲਾ ਨਾ ਹੋਵੇ)। (ਗਿਆਨ ਹੀਣ, ਅਗਿਆਨ ਪੂਜਾ ਅੰਧ ਵਰਤਾਰਾ) ਰਾਗ ਤਾਲ ਨੂੰ ਛੱਡ ਮਨ ਬਹਿਲਾਉਣ ਵਾਲੀਆਂ ਫ਼ਿਲਮੀ ਤਰਜ਼ਾਂ ਤੇ ਕੀਰਤਨ ਕਰਨ ਨੂੰ ਅਸੀਂ ਨਿਰੋਲ ਦੱਸਦੇ ਹਾਂ ਜਾਂ ਮੈਦਾਨ ਹੋਰ, ਖੇਡ ਕੋਈ ਹੋਰ, ਇਸ ਦਾ ਦਰਸ਼ਕ ਤਾਂ ਆਨੰਦ ਮਾਣ ਸਕਦੇ ਹਨ ਪਰ ਖਿਡਾਰੀ ਅਣਜਾਣੇ ਵਿੱਚ ਆਪਣੇ ਆਪ ਭੱਠਾ ਬਿਠਾਉਣ ਦੀ ਸਲਾਹ ਬਣਾਈ ਬੈਠਾ ਹੈ, ਵਾਲੀ ਗੱਲ ਕੀਰਤਨੀਆਂ ਦੀ ਹੈ। ਮਨੁੱਖ ਦੇ ਜੀਵਣ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਹੋਇਆ ਹੈ ਭਾਵ ਕੁਦਰਤੀ ਦੀਆਂ ਚਾਰ ਅਵਸ਼ਥਾਵਾਂ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬਾਂ ਨੇ ਰਾਗ ਕੀ ਚੋਣ ਕਰਕੇ ਉਨ੍ਹਾਂ ਵਿੱਚ ਬਾਣੀ ਲਿਖੀ ਅਤੇ ਗਾਈ ਅਸੀਂ ਰਾਗੀ ਸਿੰਘ ਗੁਰਬਾਣੀ ਦੇ ਸੁਨੇਹੀ ਹਾਂ, ਜੇ ਗੁਰੂ ਦੇ ਹੁਕਮ ਅਨੁਸਾਰ ਬਾਣੀ ਗਾ ਕੇ ਸੁਨੇਹਾ ਨਹੀਂ ਦਿਆਂਗੇ ਤਾਂ ਕਰਤਾਰ ਦੇ ਦੇਣਦਾਰ ਹਾਂ

ਹਰਿਮੰਦਰ ਸਾਹਿਬ ਵਿੱਚ ਬੈਠ ਕੇ ਗੁਰੂ ਸਾਹਿਬਾਂ ਨੇ ਸਰੰਦੇ ਨਾਲ ਗਾਇਆ ਹੈ

'ਡਿਠੇ ਸਭੇ ਥਾਂਵ ਨਹੀਂ ਤੁਧ ਜੇਹਿਆ'

ਇਹਨਾਂ ਸੋਹਣੀਆਂ ਧੁਨਾਂ ਪੜਤਾਲਾਂ ਨਾਲ ਕਰਤਾ ਪੁਰਖ ਦੇ ਗੁਣ ਗਾਇਨ ਕੀਤੇ। ਅਸੀਂ ਇਸ ਕੀਰਤਨ ਨੂੰ ਫਿਲਮੀ ਧੁਨਾਂ ਤੇ ਕਰਦੇ ਹਾਂ ਕਿਸ ਲਈ, ਤਾਂਕਿ ਸਰੋਤਿਆਂ ਦੀਆਂ ਬਿਰਤੀਆਂ ਚੰਚਲ ਕਰਕੇ ਵਧੇਰੇ ਕੀਰਤਨ ਮਾਇਆ ਪ੍ਰਾਪਤ ਹੋ ਸਕੇ। ਉਹ ਤਾਂ ਬਾਣੀ ਵਿੱਚ ਆਇਆ ਹੈ (ਇਕ ਤਿਲ ਨਹੀਂ ਭੰਨੇ ਘਾਲੇ) ਪੜ੍ਹੋ ਇਤਿਹਾਸ ਭਾਈ ਸ਼ਾਮ ਸਿੰਘ ਹੋਰਾ ਦਾ ਜੋ ਦਰਬਾਰ ਦੇ ਕੀਰਤਨੀਏ ਸਨ।

ਗੁਰਬਾਣੀ ਗਾਇਨ ਕਰਨ ਵਾਲੇ ਕੀਰਤਨੀਏ ਪਹਿਲਾ ਤੰਤੀ ਸਾਜਾਂ ਦੀ ਵਰਤੋਂ ਕਰਦੇ ਸਨ ਕਿਉਂਕਿ ਤਾਰ ਦਾ ਸਾਜ਼ ਇੱਕ ਦਮ ਵਾਤਾਵਰਨ ਸੁਰ ਵਿੱਚ ਕਰਦਾ ਹੈ ਤੇ ਗਾਉਣ ਆਨੰਦ ਸਰੋਤਾ ਗਾਇਕ ਦੋਵੇਂ ਮਾਣਦੇ ਹਨ ਅੱਜ ਤਾਂ ਕੀਰਤਨੀਏ ਸਿੰਘਾਂ ਨੂੰ ਹਰਮੋਨੀਅਮ ਨਹੀਂ ਵਜਾਉਣਾ ਆਉਂਦਾ, ਵਾਜਾ ਵਜਾਉਂਦੇ ਹਨ ਤੇ ਦਲੀਲਾਂ ਦੇ ਕੇ ਆਪਣੀ ਅਗਿਆਨਤਾ ਛੁਪਾਉਂਦੇ ਹਨ। ਸਾਰੰਦਾ, ਰਬਾਬ, ਤਾਊਸ ਦਿਲਰੁਬਾ ਦੀ ਥਾਂ ਗਟਾਰ, ਇਲੈਕਟਰੋਨਿਕ ਬਾਹਰ ਦੀ ਇਜ਼ਾਦ ਸਾਜਾਂ ਨਾਲ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਹੈ। ਆਹਿਸਤਾ-2 ਉਨ੍ਹਾਂ ਨੂੰ ਸਾਥ ਤਬਲਾ ਵਜਾਉਣ ਵਾਲੇ ਸਾਥੀਆਂ ਦੀ ਵੀ ਜ਼ਰੂਰਤ ਨਹੀਂ ਜਾਪੇਗੀ ਇਸ ਦਾ ਭਵਿਖ ਆਉਣ ਵਾਲਾ ਸਮਾਂ ਹੀ ਦੱਸੇਗਾ।


**SUN SHINE STORE**

**ROPAR.**

ਗੁਰਬਾਣੀ ਕੀਰਤਨ ਅਤੇ ਕਥਾ ਦੀਆਂ ਟੇਪਾਂ ਲਈ ਦਰਸ਼ਨ ਦਿਓ

**ਸਨ ਸ਼ਾਈਨ ਸਟੋਰ**

ਪ੍ਰਤਾਪ ਬਾਜ਼ਾਰ, ਰੋਪੜ।

---

With Best Compliment from :

Trade R. K. Mark

ੴ

Tele : Rehmat
Shop : 21815 PP
Res. : 43271

**Bh. RAM LAL KARTAR SINGH**

Fruit & Vegetable Commission Agents

# ਰਾਗ ਗੂਜਰੀ

ਗੂਜਰੀ ਇੱਕ ਪੁਰਾਤਨ ਰਾਗ ਹੈ। ਇਸ ਰਾਗ ਦਾ ਸੁਰਾਤਮਕ ਸਰੂਪ ਕਰੁਣਾਰਸ ਦਾ ਧਾਰਣੀ ਹੈ ਜਿਸ ਕਰਕੇ ਇਹ ਗੰਭੀਰ ਪ੍ਰਕ੍ਰਿਤੀ ਦੀਆਂ ਭਗਤੀ ਭਾਵ ਵਾਲੀਆਂ ਰਚਨਾਵਾਂ ਦੇ ਗਾਇਨ ਲਈ ਅਤਿ ਢੁਕਵਾਂ ਹੈ।

ਰਾਗ ਗੂਜਰੀ, ਟੋਡੀ ਦੀ ਇੱਕ ਵੰਨਗੀ ਹੈ, ਇਸੇ ਕਰਕੇ ਕਈ ਸੰਗੀਤ ਪ੍ਰੇਮੀ ਇਸ ਨੂੰ ਗੂਜਰੀ ਟੋਡੀ ਵੀ ਆਖਦੇ ਹਨ। ਇਸ ਵਿੱਚ ਰਿਸ਼ਭ ਗੰਧਾਰ, ਧੈਵਤ ਕੋਮਲ, ਪੰਚਮ ਵਰਜਿਤ, ਮੱਧਿਅਮ ਤੀਵਰ ਅਤੇ ਨਿਸ਼ਾਦ ਸ਼ੁੱਧ ਵਰਤੇ ਜਾਂਦੇ ਹਨ।

ਵਾਦੀ=ਧੈਵਤ, ਸੰਵਾਦੀ=ਰਿਸ਼ਭ, ਸਮਾਂ=ਦਿਨ ਦਾ ਦੂਜਾ ਪਹਿਰ,

ਜਾਤੀ–ਸ਼ਾੜਵ-ਸ਼ਾੜਵ, ਨਿਆਸ ਸੁਰ=ਰਿਸ਼ਭ, ਧੈਵਤ ਤੇ ਤਾਰ ਸ਼ੜਜ।

ਆਰੋਹ :— ਸਾ ਰੇ ਗਾ ਮੇ ਧੁ ਨੀ ਸਾਂ

ਅਵਰੋਹ :— ਸਾਂ ਨੀ ਧੁ ਮੇ ਗ ਰੇ ਗਾ ਰੇ ਸਾ

ਮੁੱਖ ਅੰਗ :— ਰੇ ਗੁ, ਮੇ ਧੁ, ਨੀ ਧੁ, ਮੇ ਗੁ ਮੇ ਰੇ ਗੁ, ਰੇ ਸਾ

ਕੁਝ ਵਿਦਵਾਨ ਇਸਦਾ ਵਾਦੀ ਸੰਵਾਦੀ ਗੰਧਾਰ ਮੰਨਦੇ ਹਨ ਪਰ ਬਹੁਮਤ ਅਨੁਸਾਰ ਰਿਸ਼ਭ ਹੀ ਸੰਵਾਦੀ ਹੈ। ਰੇ ਗੁ ਰੇ ਗਾ ਰੇ ਸਾ, ਇਸ ਰਾਗ ਦੀ ਮੁੱਖ ਸੁਰ ਸੰਗਤੀ ਹੈ। ਸ਼ੜਜ ਪ੍ਰਵਸ਼ ਸਮੇਂ ਨਿਸ਼ਾਦ ਦਾ ਤਿਆਗ 'ਮੇ ਧੁ ਸਾਂ' ਜਾਂ 'ਮੇ ਧੁ ਨੀ ਮੇ ਧੁ ਸਾਂ' ਸੁਰ ਸੰਗਤੀਆ ਦੁਆਰਾ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਰਾਗ ਗੂਜਰੀ ਵਿੱਚ ਗੁਰੂ ਨਾਨਕ, ਗੁਰੂ ਅੰਗਦ (ਸਲੋਕ) ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਭਗਤ ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ ਅਤੇ ਜੈਦੇਵ ਜੀ ਦੀ ਬਾਣੀ ਦਰਜ ਹੈ।

# ਸੁਰ ਲਿਪੀ

**ਮਾਸਟਰ ਨਿਹਾਲ ਸਿੰਘ ਬੰਬਈ**

**ਗੂਜਰੀ ਮਹਲਾ ੫ ॥ ਤਾਲ ਕੇਹਰਵਾ**

**ਗਾਣਾ ਚੌਥੀ ਮਾਤ੍ਰਾ ਤੋਂ ਸ਼ੁਰੂ। ਹਰ ਸੁਰ ਤਲੇ ਅਧੀ ਮਾਤ੍ਰਾ ਸਮਝੋ**

**ਸਥਾਈ**—(੧) ਗੁ ਮੇ । ਧੁ S S S ਮੇ ਗੁ ਗੁ ਮੇ । ਧੁ S ਮੇ ਗੁ ਰੇ S ਗੁ ਰੇ
ਪੂ . ਤਾ ... (ਪੂ ਤਾ) ਮਾ . ਤਾ . ਕੀ . ਆ .
। ਸਾ S S ਰੇ ਸਾ S
ਸੀ . . . . ਸ

ਨੂੰ : (2) ਸ਼ੁਰੂ ਕਰਨ ਤੋਂ ਪਹਿਲੇ ਦੋ S S ਵਧਾ ਲਵੋ। ਗਾਣਾ ਸਮ ਤੋਂ ਸ਼ੁਰੂ ਕਰੋ।

(2) ਗੁ ਗੁ ਗੁ ਗੁ ਗੁ ਗੁ ਗੁ S। ਗੁ ਰੇ ਰੇ ਗੁ ਰੇ ਰੇ ਸਾ ਸਾ
ਨਿ ਮ ਖ ਨ ਬਿ ਸ ਰਉ . ਤੁ ਮ੍ਰ ਕਉ . ਹ ਰਿ ਹ ਰਿ

(3) ਸਾ ਸਾ S ਸਾ ਨੀ ਧੁ ਮੇ ਮੇ । ਧੁ S S S ਮੇ ਗੁ ॥
ਸ ਦਾ . ਭ ਜਹੁ ... ਜ ਗ ਦੀ ... ... ... ਸ

**ਅੰਤਰਾ**-ਅੰਤਰਾ ਸ਼ੁਰੂ ਕਰਨ ਤੋਂ ਪਹਿਲੇ ਦੋ S S ਵਧਾ ਕੇ ਗਾਣਾ ਪਹਿਲੀ ਮਾਤਰਾ ਤੋਂ ਸ਼ੁਰੂ ਕਰੋ।

**ਅੰਤਰਾ**-(4) ਮੇ ਮੇ ਮੇ ਧੁ ਗੁ ਗੁ ਮੇ ਮੇ । ਮੇ ਧੁ ਧੁ ਧੁ ਧੁ S ਧੁ S ।
ਜਿ ਸੁ ਸਿ ਮ ਰ ਤ ਸ ਭਿ ਕਿ ਲ ਵਿ ਖ ਨਾ . ਸ ਹਿ
। ਧੁ ਧੁ ਧੁ ਨੀ ਮੇ S ਧੁ ਧੁ । ਸਾਂ S ਸਾਂ S S S ਨੀ ਧੁ
ਪਿ ਤ ਰੀ . ਹੋ . ਇ ਉ ਧਾ . ਰੋ .. ... ...

ਨੰ: (4) ਦੂਜੀ ਵਾਰ ਗਾਣ ਤੇ 'ਨੀ ਧੁ' ਦੀ ਥਾਂ 'S S' ਕਰੋ ।

(5) ਸਾ S ਰੇ ਗੁ ਰੇ ਰੇ ਸਾ ਸਾ । ਸਾ ਸਾਂ ਨੀ ਸਾ ਨੀ ਧੁ ਧੁ S
ਸੋ . ਹ ਰਿ ਹ ਰਿ ਤੁ ਮ ਸ ਦ ਹੀ . ਜਾ . ਪਹੁ .
ਸਾਂ S ਸਾਂ S ਨੀ ਧੁ ਮੇ ਮੇ । ਮੇ ਧੁ ਧੁ S ਮੇ ਗੁ ॥
ਜਾ . ਕਾ . ਅੰ . ਤੁ ਨ ਪਾ . ਰੋ . . . .

(ਨੰ: ਪੰਜ ਦੋ ਵਾਰ ਗਾਓ)

(ਅਗਲੇ ਅੰਤਰੇ ਇਸੇ ਤੇ ਗਾਉ)

ਗੂਜਰੀ ਮਹਲਾ 5 ॥ ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ।
ਪੂਤਾ ਮਾਤਾ ਕੀ ਆਸੀਸ ।
ਨਿਮਖ ਨਾ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ । ਰਹਾਉ ॥
ਸਤਿਗੁਰੁ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ।
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ।
ਰੰਗ ਤਮਾਸਾ ਪੂਰਨ ਆਸਾ ਕਬਹਿ ਨਾ ਬਿਆਪੈ ਚਿੰਤਾ ।
ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ।

ਅਰਥ:— ਹੇ ਪੁੱਤਰ ! (ਤੈਨੂੰ) ਮਾਂ ਦੀ ਇਹ ਅਸੀਸ ਹੈ-ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਨਾਂਹ ਭੁੱਲੇ, ਤੂੰ ਸਦਾ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਦਾ ਰਹੁ।

ਹੇ ਪੁੱਤਰ ! ਜਿਸ ਪਰਮਾਤਮਾ ਦਾ ਨਾਮ ਸਿਮਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ, (ਸਿਮਰਨ ਵਾਲੇ ਦੇ) ਪਿਤਰਾਂ ਦਾ ਭੀ (ਸੰਸਾਰ-ਸਮੁੰਦਹ ਤੋਂ) ਪਾਰ-ਉਤਾਰਾ ਹੋ ਜਾਂਦਾ ਹੈ, ਜਿਸ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ, ਤੂੰ ਸਦਾ ਹੀ ਉਸ ਦਾ ਨਾਮ ਜਪਦਾ ਰਹੁ।

ਹੇ ਪੁੱਤਰ ! ਸਤਿਗੁਰੂ ਤੇਰੇ ਉਤੇ ਦਇਆਵਾਨ ਰਹੇ, ਗੁਰੂ ਨਾਲ ਤੇਰਾ ਪਿਆਰ ਬਣਿਆ ਰਹੇ, (ਜਿਵੇਂ) ਕੱਪੜਾ (ਮਨੁੱਖ ਦਾ ਪਰਦਾ ਢੱਕਦਾ ਹੈ, ਤਿਵੇਂ) ਪਰਮਾਤਮਾ ਤੇਰੀ ਇੱਜਤ ਰੱਖੇ, ਸਦਾ ਪਰਮਾਤਮਾ ਦੀ ਸਿਫਤਿ ਸਾਲਾਹ ਤੇਰੀ ਆਤਮਾ ਦੀ ਖੁਰਾਕ ਬਣੀ ਰਹੇ।

ਹੇ ਪੁੱਤਰ ! ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੁ, ਸਦਾ ਲਈ ਤੇਰਾ ਉੱਚਾ ਆਤਮਕ ਜੀਵਨ ਬਣਿਆ ਰਹੇ। ਹੇ ਪੁੱਤਰ ! ਪਰਮਾਤਮਾ ਦਾ ਸਿਮਰਨ ਕੀਤਿਆਂ ਅਮੁੱਕ ਆਨੰਦ ਬਣਿਆ ਰਹਿੰਦਾ ਹੈ, ਆਤਮਕ ਖੁਸ਼ੀਆਂ ਪ੍ਰਾਪਤ ਰਹਿੰਦੀਆਂ ਹਨ, ਸਭ ਆਸਾਂ ਪੂਰੀਆਂ ਹੋਈਆਂ ਰਹਿੰਦੀਆਂ ਹਨ, ਚਿੰਤਾ ਕਦੇ ਆਪਣਾ ਜ਼ੋਰ ਨਹੀਂ ਪਾ ਸਕਦੀ।

ਹੇ ਪੁੱਤਰ ! ਤੇਰਾ ਇਹ ਮਨ ਭੌਰਾ ਬਣਿਆ ਰਹੇ. ਪਰਮਾਤਮਾ ਦੇ ਚਰਨ (ਤੇਰੇ ਮਨ-ਭੌਰੇ ਵਾਸਤੇ) ਕੌਲ-ਫੁੱਲ ਬਣੇ ਰਹਿਣ। ਹੇ ਨਾਨਕ ! (ਆਖ-) ਪਰਮਾਤਮਾ ਦਾ ਸੇਵਕ ਉਹਨਾਂ ਚਰਨਾਂ ਨਾਲ ਇਉਂ ਲਪਟਿਆ ਰਹਿੰਦਾ ਹੈ; ਜਿਵੇਂ ਪਪੀਹਾ ਵਰਖਾ ਦੀ ਬੂੰਦ ਪੀ ਕੇ ਖਿੜਦਾ ਹੈ।

With Best Compliments from :

Phone : 56995 56699

PRODUCERS & SUPPLIERS OF :
Pre-RECORDED CASSETTES & RECORDS

**MUSICAL VOICE OF INDIA**

170-A, Sarabha Nagar, Ludhiana-141001

With Best Compliments from :

Phone : 23068

**Simla Musical Store**

APPROVED GOVT. SUPPLIERS

Everything Musical
Manufacturers of High Class
Harmoniums.

S. C. F. No. 2, Sec. 27-C
Chandigarh-160019

With Best Compliments from :

**VISHAL PROPERTY PROMOTERS**

**Quiet Office. 4, Sector 35, Chandigarh**

**For purchase of beautiful Bungalows, Farm House & Industrial Units**

Contact Prof. GURCHRAN SINGH

Phons off : 1152, Res. 33235

---

With Best Compliments from :

# CHIEF BOOT HOUSE

**Sector 17, Chandigarh.**

---

## ਮਾਰਕਿਟ ਕਮੇਟੀ, ਲਾਲੜੂ (ਪਟਿਆਲਾ)

ਮਾਰਕਿਟ ਕਮੇਟੀ, ਲਾਲੜੂ ਮੰਡੀ ਸ੍ਰੀ ਏ. ਐਸ ਪੂੰਨੀ ਆਈ ਏ. ਐਸ. ਪ੍ਰਧਾਨ ਮੰਡੀ ਬੋਰਡ ਅਤੇ ਸ੍ਰੀ ਪੀ. ਰਾਮ ਆਈ. ਏ. ਐਸ. ਸਕੱਤਰ ਮੰਡੀ ਬੋਰਡ ਦੀ ਸੁਚੱਜੀ ਰਹਿਨੁਮਾਈ ਤਹਿਤ ਵਿਕਾਸ ਦੇ ਕੰਮਾਂ ਨੂੰ ਨੇਪਰੇ ਚੜਾ ਰਹੀ ਹੈ।

ੳ) ਇਸ ਕਮੇਟੀ ਨੇ ਇਲਾਕੇ ਦੇ ਵਿਕਾਸ ਲਈ ਨਿਮਨ ਅਨੁਸਾਰ ਕੰਮ ਕੀਤੇ ਹਨ:-

1) ਕਮੇਟੀ ਵੱਲੋਂ ਜਿਮੀਦਾਰਾਂ ਵਿੱਚ 50% ਸਬਸਿਡੀ ਤੇ 50 ਤਰਪਾਲਾਂ ਦੀ ਵੰਡ ਕੀਤੀ ਗਈ ਅਤੇ ਹੋਰ ਤਰਪਾਲਾਂ ਵੰਡੇ ਜਾਣ ਦੀ ਸੰਭਾਵਨਾ ਹੈ।

2) ਮਾਰਕਿਟ ਕਮੇਟੀ, ਲਾਲੜੂ ਵਲੋਂ ਸਾਲ 1988-89 ਵਿੱਚ ਮੰਡੀ ਬੋਰਡ ਦੀ ਸਹਾਇਤਾ ਨਾਲ [illegible] ਸੜਕਾਂ ਵਿਚੋਂ 13 ਸੜਕਾਂ ਦੀ ਰਿਪੇਅਰ ਕੀਤੀ ਗਈ।

3) ਕਮੇਟੀ ਵਲੋਂ ਥਰੈਸ਼ਰ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ 3,12000/- ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

ਅ) ਅਪੀਲ

1) ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੀ ਉਪਜ ਸਾਫ ਸੁਥਰਾ ਕਰਕੇ ਲਿਆਓਣ ਤਾਂ ਜੋ ਬਾਜਵ ਕੀਮਤ ਮਿਲ ਸਕੇ।

2) ਜਿਨਸ ਵੇਚਣ ਉਪਰੰਤ ਫਾਰਮ 'ਜੇ' ਆੜ੍ਹਤੀਏ ਪਾਸੋਂ ਜ਼ਰੂਰ ਪ੍ਰਾਪਤ ਕਰੋ।

3) ਬੋਲੀ ਹੋਣ ਬਾਰੇ ਜਾਣਕਾਰੀ ਲੈਣ ਅਤੇ ਕਿਸੇ ਕਿਸਮ ਦੀ ਔਕੜ ਪੇਸ਼ ਆਉਣ ਤੇ ਸਬੰਧ ਫੀਲਡ ਕਰਮਚਾਰੀ ਨੂੰ ਤੁਰੰਤ ਮਿਲੋ।

ਨਰੇਸਕਾਂਤ
ਸਕੱਤਰ
ਮਾਰਕਿਟ ਕਮੇਟੀ, ਲਾਲੜੂ।

ਆਰ. ਐਸ ਰਾਪਾਵਾ,
(ਪੀ ਸੀ ਐਸ)
ਪ੍ਰਬੰਧਕ, ਮਾਰਕਿਟ ਕਮੇਟੀ, ਲਾਲੜੂ।

# ਸੰਗੀਤ ਸਮਾਚਾਰ

## Shabad Gayan Competition

**Amritsar**

The Management, Staff and the students of Sri Guru Harkrishan Public School, G. T. Road, Amritsar celebrated Birth aniversary of Sri Guru Har Krishan Ji on 2nd September, 1989 by holding an All India Sikh Public Schools Shabad Gayan Competition A total of thirty one senior and junior teams drawn from 18 schools participated The ceremonics were also dedicated to 400th aniversary of Sri Harmandir Sahib. The Students' performance was of a very high order. The programme continued right upto 4 P. M. It was interspersed by Gurbani Kirtan by the renowned Singh Sahib Professor Darshan Singh, Jathedar Akal Takht and addressed by S. Kirpal Singh, President, Chief Khalsa Diwan. Dr. Ranbir Singh, Manager, Sri Guru Harkrishan Public School and S. Bhag Singh Anakhi, Member-in-charge, Dharam Parchar Committee, Chief Khalsa Diwan, S. Kirpal Singh Presented Siropa to Professor Darshan Singh Ji and the head girl of school Presented him Sri Sahib. S. Bhag Singh Anakhi acted as Stage Secretary. The team of the host school won the Ist position, but as a matter of courtesy passed the trophy on to M. G. N. Public School, Adarsh Nagar, Jalandhar who were runners up. Among the Junior teams, Sri Guru Harkrishan Public School, Branch Baba Atal Rai, Amritsar, topped.

## ਪ੍ਰਕਾਸ਼ ਉਤਸਵ

**ਚੰਡੀਗੜ੍ਹ** ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 37-C ਵੱਲੋਂ ਮਿਤੀ 3-9-89 ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ । ਇਸ ਵਿੱਚ ਗਿਆਨੀ ਮੇਹਰ ਸਿੰਘ ਅਤੇ ਭਾਈ ਪ੍ਰੇਮ ਸਿੰਘ ਜੀ ਪ੍ਰੇਮ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਵਿਖਿਆਨ ਦਿੱਤੇ । ਬੀਬੀ ਅਮਰ ਸਨੇਹ, ਭਾਈ ਸਤਿਦੇਵ ਪਾਲ ਸਿੰਘ, ਮਹਿੰਦਰਪਾਲ ਸਿੰਘ, ਭਾਈ ਚਰਨ ਸਿੰਘ ਚੰਨ ਅਤੇ ਡਾਕਟਰ ਜਾਗੀਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ ।

## ਗੁਰਮਤਿ ਸੰਤ ਸਮਾਗਮ

**ਮੁਹਾਲੀ** :— ਗੁਰਦੁਆਰਾ ਤਪ ਅਸਥਾਨ ਸੰਤਾਂ ਵਾਲਾ ਫੇਜ਼ 4, ਵਿਖੇ ਗੁਰਮਤਿ ਸੰਤ ਸਮਾਗਮ ਅਤੇ ਕੀਰਤਨ ਦਰਬਾਰ, ਮਿਤੀ 3 ਸਤੰਬਰ ਨੂੰ ਆਯੋਜਿਤ ਕੀਤੇ ਗਏ । ਇਸ ਵਿੱਚ ਮਾਤਾ ਰਾਜਿੰਦਰ ਕੌਰ ਜੀ ਨੇ ਸ਼ਬਦ ਦੀ ਵਿਚਾਰ ਕੀਤੀ । ਇਸ ਸਮਾਗਮ ਵਿੱਚ ਕੀਰਤਨ ਕਰਨ ਲਈ ਡਾ: ਜਾਗੀਰ

ਸਿੰਘ, ਭਾਈ ਬਲਰਾਜ ਸਿੰਘ ਅਤੇ ਇਸਤਰੀ ਸਤਿਸੰਗ ਦੇ ਰਾਗੀ ਜਥੇ ਹਾਜ਼ਰ ਹੋਏ। ਸਮਾਗਮ ਵਿੱਚ 'ਅੰਮ੍ਰਿਤ ਕੀਰਤਨ ਟ੍ਰਸਟ' ਵੱਲੋਂ ਪ੍ਰਕਾਸ਼ਿਤ ਕੀਤੇ ਮੈਗਜ਼ੀਨ, 'ਅੰਮ੍ਰਿਤ ਕੀਰਤਨ' ਦੀ ਸ਼ਲਾਘਾ ਕੀਤੀ ਗਈ ਅਤੇ ਮਾਤਾ ਰਾਜਿੰਦਰ ਕੌਰ ਜੀ ਨੇ, ਅਕਾਲ ਸਤਿਸੰਗ ਵੱਲੋਂ ਮੈਗਜ਼ੀਨ ਦੇ ਸੰਪਾਦਕ, ਡਾ: ਜਾਗੀਰ ਸਿੰਘ ਨੂੰ ਅੰਮ੍ਰਿਤ ਕੀਰਤਨ ਟ੍ਰਸਟ ਲਈ ਪੰਜ ਸੌ ਰੁਪਏ ਭੇਟ ਕੀਤੇ।

**ਅਗਸਤ ਮਹੀਨੇ ਦਾ ਨਿਸ਼ਕਾਮ ਕੀਰਤਨ ਦਰਬਾਰ**

**ਨਵੀਂ ਦਿੱਲੀ**--26 ਅਗਸਤ, 1989 ਨੂੰ ਗਰਦੁਆਰਾ ਬਲਾਕ ਨੰ: 1 ਰਾਜਿੰਦਰ ਨਗਰ ਨਵੀਂ ਦਿੱਲੀ ਵਿਖੇ ਨਿਸ਼ਕਾਮ ਕੀਰਤਨ ਦਰਬਾਰ ਵਾਈ. ਐਮ. ਸੀ. ਏ. ਵਲੋਂ ਸੰਗੀਤ ਮਹਾ ਵਿਦਿਆਲਾ ਦੇ ਸਹਿਯੋਗ ਨਾਲ ਸੰਪੰਨ ਹੋਇਆ। ਜਿਸ ਵਿੱਚ ਸਭ ਤੋਂ ਪਹਿਲਾਂ ਪਰਮਜੀਤ ਸਿੰਘ, ਜਗਜੀਤ ਸਿੰਘ ਤੇ ਰਾਜਿੰਦਰ ਸਿੰਘ ਨੇ ਮਿਲ ਕੇ ਰਾਗ ਚਮਨ ਵਿਚ **"ਹਰਿ ਕੋ ਨਾਮ ਸਦਾ ਸੁਖਦਾਈ"** ਸ਼ਬਦ ਗਾਇਆ। ਇਨ੍ਹਾਂ ਤੋਂ ਬਾਅਦ ਕੰਵਲਜੀਤ ਕੌਰ, ਅਰਵਿੰਦਰ ਕੌਰ, ਰੰਜਨਾ, ਰਮਿੰਦਰਜੀਤ ਕੌਰ, ਜਸਵਿੰਦਰ ਕੌਰ, ਮਨਿੰਦਰ ਕੌਰ, ਹਰਪ੍ਰੀਤ ਕੌਰ ਆਦਿ ਨੇ ਮਿਲ ਕੇ ਰਾਗ ਧਨਾਸਰੀ ਵਿੱਚ **"ਗੁਰੂ ਮੇਰੇ ਸੰਗ ਸਦਾ ਹੈ ਨਾਲੇ"** ਸ਼ਬਦ ਗਾਇਆ।

ਸੰਗੀਤ ਮਹਾਵਿਦਿਆਲਾ ਦੇ ਸੰਚਾਲਕ ਸ: ਜੀ. ਐਸ. ਸਰਦਾਰ ਤੇ ਕਾਕਾ ਤੇਜਿੰਦਰ ਸਿੰਘ ਨੇ ਮਿਲ ਕੇ ਪਹਿਲਾਂ ਰਾਗ ਮਾਲਕੌਸ ਵਿੱਚ ਕਬੀਰ ਸਾਹਿਬ ਦੇ ਸ਼ਬਦ **"ਲਾਗੀ ਪ੍ਰੀਤ ਸੁਜਾਨ ਸਿਉ"** ਦਾ ਮਨੋਹਰ ਕੀਰਤਨ ਕੀਤਾ। ਉਨ੍ਹਾਂ ਨੇ **"ਕਾਹੇ ਰੇ ਮਨ ਚਿਤਵਹੁ ਉਦਮ"** ਅਤੇ **"ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ"** ਸ਼ਬਦ ਸੰਗਤਾਂ ਨੂੰ ਆਪਣੇ ਨਾਲ ਜੋੜ ਕੇ ਪੜ੍ਹਿਆ। ਅੰਤ ਵਿੱਚ ਕਾਕਾ ਅਜੀਤ ਸਿੰਘ ਨੇ ਆਪਣੀ ਮਧੁਰ ਆਵਾਜ਼ ਵਿਚ ਸ਼ਬਦ **'ਸੇ ਸੰਜੋਗ ਕਰਹੁ ਮੇਰੇ ਪਿਆਰੇ"** ਪੜ੍ਹਿਆ। ਕਾਕਾ ਹਰਪ੍ਰੀਤ ਸਿੰਘ ਦੇ ਅਨੰਦ ਸਾਹਿਬ ਪੜ੍ਹਨ ਨਾਲ ਇਸ ਕੀਰਤਨ ਦਰਬਾਰ ਦੀ ਸਮਾਪਤੀ ਹੋਈ। ਅਗਲਾ ਨਿਸ਼ਕਾਮ ਕੀਰਤਨ ਦਰਬਾਰ ਇਸੇ ਅਸਥਾਨ ਤੇ 30 ਸਤੰਬਰ, 1989 ਨੂੰ ਸ਼ਾਮੀ 7-30 ਵਜੇ ਹੋਵੇਗਾ।

---


ਸਿੱਖ ਧਰਮ ਅਤੇ ਗੌਰਵਮਈ ਵਿਰਸੇ ਦੀ ਜਾਣਕਾਰੀ ਲਈ ਪੜ੍ਹੋ

## ਸਾਡਾ ਵਿਰਸਾ ਸਾਡਾ ਗੌਰਵ

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਸਾਲਾਨਾ ਚੰਦਾ : ਦੇਸ਼ 25 ਰੁਪਏ ਵਿਦੇਸ਼ (ਹਵਾਈ ਡਾਕ ਰਾਹੀਂ) 250 ਰੁਪਏ

ਜੀਵਨ ਮੈਂਬਰਸ਼ਿਪ: ਦੇਸ਼ 250 ਰੁ. ਵਿਦੇਸ਼ ( ,, ,, ,, ) 2000 ਰੁਪਏ

ਪਤਾ : ਗੁਰਦੁਆਰਾ ਸ਼ਹੀਦਾਂ, ਮਾਡਲ ਟਾਊਨ, ਲੁਧਿਆਣਾ,


---

*With best compliments from :*

**Paraneet Enviroquips Ltd.**

Industrial Area, Chandigarh.

## ਸੰਗੀਤ ਅਤੇ ਕੀਰਤਨ ਬਾਰੇ ਕੁਝ ਪੁਸਤਕਾਂ

| | |
|---|---|
| ਰਾਗ ਮਾਲਾ ਨਿਰਣੇ | ਸ਼ਮਸ਼ੇਰ ਸਿੰਘ ਅਸ਼ੋਕ |
| ਗੁਰਬਾਣੀ ਸੰਗੀਤ ਦੋ ਭਾਗ | ਗਿਆਨ ਸਿੰਘ |
| ਸਿਖ ਧਰਮ ਤੇ ਸੰਗੀਤ | ਏ. ਐਸ. ਗੋਸਲ |
| ਸੰਗੀਤ ਪ੍ਰਕਾਸ਼ | ਐਚ. ਸੀ. ਬਾਲੀ |
| ਭਾਰਤੀ ਸੰਗੀਤ : ਸਰੂਪ ਤੇ ਸੁਹਜ | ਜੀ. ਐਚ. ਰਾਨਾਡੇ |
| ਸੰਗੀਤ ਗ੍ਰੰਥ ਤੇ ਭਾਰਤੀ ਸੰਗੀਤ | ਟੈਕਸਟ ਬੁੱਕ ਬੋਰਡ |
| ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੋ ਭਾਗ | ਭਾਈ ਅਵਤਾਰ ਸਿੰਘ<br>ਗੁਰਚਰਨ ਸਿੰਘ |
| —ਗੁਰੂ ਤੇਗ ਬਹਾਦਰ ਰਾਗ ਰਤਨਾਵਲੀ | ਪ੍ਰੋ. ਤਾਰਾ ਸਿੰਘ |
| —ਪੰਜਾਬ ਦੇ ਲੋਕ ਸਾਜ | ਅਨਿਲ ਨਰੂਲਾ |
| —ਪੰਜਾਬ ਦੀਆਂ ਲੋਕ ਧੁਨਾਂ | ਗੁਰਪ੍ਰਤਾਪ ਸਿੰਘ ਗਿੱਲ |
| —ਸੰਗੀਤ ਸ਼ਾਸਤਰ ਦੋ ਭਾਗ | ਮਹੇਸ਼ ਨਾਰਾਇਣ ਸਕਸੈਨਾ |
| —ਵਾਦਨ ਕਲਾ | ਤਾਰਾ ਸਿੰਘ ਤੇ ਸੁਰਜੀਤ ਕੌਰ |
| — ਵਾਦਨ ਸਾਗਰ | ਮ੍ਰਿਗੇਂਦਰ ਸਿੰਘ |
| —ਸੰਗੀਤ ਸ਼ਾਸਤਰ ਦਰਪਣ (ਭਾਗ ਦੂਜਾ) | ਸ਼ਾਂਤੀ ਗੋਵਰਧਨ |
| —ਸੰਗੀਤ ਕੌਮੁਦੀ (ਚਾਰ ਭਾਗ) | ਵੀ. ਐਸ ਨਿਗਮ |
| —ਸੁਰ ਸਿਮਰਣ ਸੰਗੀਤ ਤਿੰਨ ਭਾਗ | ਸਰਵਣ ਸਿੰਘ ਗੰਧਰਵ |
| —ਆਦਿ ਗ੍ਰੰਥ ਰਾਗ ਕੋਸ਼ | ਗੁਰਨਾਮ ਸਿੰਘ |
| —ਭਲੋ ਭਲੋ ਭਲੋ ਰੇ ਕੀਰਤਨੀਆ | ਕੁਲਦੀਪ ਸਿੰਘ ਹਉਰਾ |
| —ਸੰਗੀਤ ਤੇ ਗੁਰਬਾਣੀ | ਮਾਡਰਨ ਸਾਹਿਤ ਅਕੈਡਮੀ |
| —ਸੰਗੀਤ ਸਮੇਲਨ ਰਿਪੋਰਟ | ਪੰਜਾਬੀ ਯੂਨੀਵਰਸਿਟੀ |
| —ਪੰਚ ਸ਼ਬਦੀ ਆਸਾ ਦੀ ਵਾਰ (235 ਸ਼ਬਦਾਂ ਸਮੇਤ) | |
| —ਬਹੁ ਸ਼ਬਦੀ ਆਸਾ ਦੀ ਵਾਰ (ਬੇਅੰਤ ਸ਼ਬਦਾਂ ਸਮੇਤ) | |
| —ਸੰਸਾਰ ਦੇ ਪ੍ਰਸਿੱਧ ਸੰਗੀਤਕਾਰ | ਸ. ਸ. ਮਹਿਰਾਲ |
| —ਨਿਰਮਾਣ ਕੀਰਤਨ | ਗਿਆਨੀ ਹਰਬੰਸ ਸਿੰਘ |

**ਉਪਰੋਕਤ ਅਤੇ ਹਰ ਪ੍ਰਕਾਰ ਦੀਆਂ ਪੁਸਤਕਾਂ ਲਈ**

ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ। ਫੋਨ 51847

ਡਾ. ਜਾਗੀਰ ਸਿੰਘ, ਪ੍ਰਿੰਟਰ ਤੇ ਪਬਲਿਸ਼ਰ ਨੇ ਰਿਧੀ ਪ੍ਰਿੰਟਿੰਗ ਪ੍ਰੈਸ ਕੋਠੀ ਨੰਬਰ 905 ਫੇਜ਼ 4, ਮੁਹਾਲੀ ਤੋਂ ਛਪਵਾ ਕੇ ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) ਲਈ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।